ਅੰਗ ੯੮੪ = ਰਾਗੁ ਮਾਲੀ ਗਉੜਾ ਮਹਲਾ ੪ ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਅਨਿਕ ਜਤਨ ਕਰਿ ਰਹੇ, ਹਰਿ ਅੰਤੁ ਨਾਹੀ ਪਾਇਆ ॥ ਹਰਿ ਅਗਮ ਅਗਮ ਅਗਾਧਿ ਬੋਧਿ, ਆਦੇਸੁ ਹਰਿ ਪ੍ਰਭ ਰਾਇਆ ॥੧॥ਰਹਾਉ॥ ਕਾਮੁ ਕ੍ਰੋਧੁ ਲੋਭੁ ਮੋਹੁ ,ਨਿਤ ਝਗਰਤੇ ਝਗਰਾਇਆ ॥ ਹਮ ਰਾਖੁ ਰਾਖੁ ਦੀਨ ਤੇਰੇ, ਹਰਿ ਸਰਨਿ ਹਰਿ ਪ੍ਰਭ ਆਇਆ ॥੧॥ ਸਰਣਾਗਤੀ ਪ੍ਰਭ ਪਾਲਤੇ, ਹਰਿ ਭਗਤਿ ਵਛਲੁ ਨਾਇਆ ॥ ਪ੍ਰਹਿਲਾਦੁ ਜਨੁ ਹਰਨਾਖਿ ਪਕਰਿਆ, ਹਰਿ ਰਾਖਿ ਲੀਓ ਤਰਾਇਆ ॥੨॥ ਹਰਿ ਚੇਤਿ ਰੇ ਮਨ ਮਹਲੁ ਪਾਵਣ, ਸਭ ਦੂਖ ਭੰਜਨੁ ਰਾਇਆ ॥ ਭਉ ਜਨਮ ਮਰਨ ਨਿਵਾਰਿ ਠਾਕੁਰ, ਹਰਿ ਗੁਰਮਤੀ ਪ੍ਰਭੁ ਪਾਇਆ ॥੩॥ ਹਰਿ ਪਤਿਤ ਪਾਵਨ ਨਾਮੁ ਸੁਆਮੀ, ਭਉ ਭਗਤ ਭੰਜਨੁ ਗਾਇਆ ॥ ਹਰਿ ਹਾਰੁ ਹਰਿ ਉਰਿ ਧਾਰਿਓ, ਜਨ ਨਾਨਕ ਨਾਮਿ ਸਮਾਇਆ ॥੪॥੧॥ (ਬ੍ਰਹਮਾ ਆਦਿ ਦੇਵਤੇ ਤੇ ਹੋਰ ਵੀ ਰਿਸ਼ੀ ਮੁਨੀ ਹਰੀ ਦਾ ਅੰਤ ਲੱਭਣ ਲਈ) ਅਨੇਕਾਂ ਜਤਨ ਕਰਦੇ ਰਹੇ ਹਨ, (ਪਰ ਕਿਸੇ ਨੇ ਵੀ) ਹਰੀ ਦਾ ਅੰਤ ਨਹੀਂ ਪਾਇਆ। ਹਰੀ ਮਨ ਤੇ ਤਨ ਦੀ ਪਹੁੰਚ ਤੋਂ ਪਰੇ ਹੈ, (ਉਸ ਦਾ) ਗਿਆਨ ਅਥਾਹ ਹੈ, (ਅਜੇਹੇ) ਹਰੀ ਪ੍ਰਭੂ ਪਾਤਸ਼ਾਹ ਨੂੰ ਮੇਰੀ ਨਮਸ਼ਕਾਰ ਹੈ।੧।ਰਹਾਉ।(ਹੇ ਭਾਈ!) ਕਾਮ, ਕ੍ਰੋਧ, ਲੋਭ ਤੇ ਮੋਹ ਆਦਿਕ ਵਿਕਾਰਾਂ ਦੇ ਝਗੜਾਏ (ਲੋਕ ਆਪਸ ਵਿਚ) ਸਦਾ ਝਗੜਦੇ ਰਹਿੰਦੇ ਹਨ। ਹੇ ਹਰੀ! ਅਸੀਂ (ਸੰਸਾਰੀ ਜੀਵ) ਤੇਰੇ ਗਰੀਬ ਸੇਵਕ ਹਾਂ ਅਤੇ ਤੇਰੀ ਸ਼ਰਨ ਵਿਚ ਆਏ ਹਾਂ, ਹੇ ਹਰੀ ਪ੍ਰਭੂ! (ਸਾਨੂੰ ਇਨ੍ਹਾਂ ਝਗੜਿਆਂ ਤੋਂ) ਰੱਖ ਲੈ, ਬਚਾ ਲੈ।੧।ਹੇ ਪ੍ਰਭੂ! (ਜੋ ਮਨੁੱਖ ਤੇਰੀ) ਸਰਨ ਵਿਚ ਆਉਂਦੇ ਹਨ, (ਤੂੰ ਉਨ੍ਹਾਂ ਦੀ) ਪਾਲਣਾ ਕਰਦਾ ਹੈਂ, ਹੇ ਹਰੀ! ਤੇਰਾ ਨਾਮ ਭਗਤੀ ਨਾਲ ਪਿਆਰ ਕਰਨ ਵਾਲਾ ਹੈ।(ਜਦੋਂ ਤੇਰੇ) ਸੇਵਕ ਪ੍ਰਹਿਲਾਦ ਨੂੰ ਹਰਨਾਖਸ਼ ਨੇ ਫੜ ਲਿਆ ਸੀ, (ਤੈਂ ਉਸ ਨੂੰ) ਬਚਾ ਕੇ ਰੱਖ ਲਿਆ ਸੀ ਅਤੇ (ਭਵਜਲ ਤੋਂ ਵੀ) ਤਾਰ ਦਿਤਾ ਸੀ।੨।ਹੇ ਮੇਰੇ ਮਨ! ਹਰੀ ਦਾ ਟਿਕਾਣਾ ਪਾਉਣ ਲਈ (ਉਸ ਨੂੰ ਤੂੰ) ਯਾਦ ਕਰਿਆ ਕਰ, (ਉਹ ਪ੍ਰਭੂ) ਪਾਤਸ਼ਾਹ ਸਾਰੇ ਦੁਖ ਨਾਸ਼ ਕਰਨ ਵਾਲਾ ਹੈ। ਪ੍ਰਭੂ ਮਾਲਕ ਜਨਮ ਮਰਨ ਦਾ ਡਰ ਦੂਰ ਕਰ ਦੇਂਦਾ ਹੈ, ਗੁਰੂ ਦੀ ਸਿੱਖਿਆ ਦੁਆਰਾ (ਉਹ) ਹਰੀ ਪਾਇਆ ਜਾਂਦਾ ਹੈ।੩।(ਹੇ ਭਾਈ!) ਹਰੀ ਮਾਲਕ ਦਾ ਨਾਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ, (ਉਹ) ਭਗਤਾਂ ਦਾ ਡਰ ਨਾਸ਼ ਕਰਨ ਵਾਲਾ ਹੈ, (ਇਸੇ ਲਈ ਉਸ ਦਾ) ਜਸ ਗਾਇਆ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਨੇ) ਹਰੀ ਦਾ ਨਾਮ ਰੂਪ ਹਾਰ ਅਪਣੇ ਹਿਰਦੇ ਰੂਪ ਗਲੇ ਵਿਚ ਧਾਰਿਆ ਹੈ, (ਉਹ) ਸੇਵਕ ਹਰੀ ਦੇ ਨਾਮ ਵਿਚ ਸਮਾ ਗਿਆ ਹੈ।੪।੧।

ਪਦਾਰਥ = ਕਰਿ ਰਹੇ–ਕਰਦੇ ਰਹੇ ਹਨ; ਕਰ ਕੇ ਥੱਕ ਗਏ ਹਨ। ਅਗਮ–ਮਨ ਤੇ ਤਨ ਦੀ ਪਹੁੰਚ ਤੋਂ ਪਰੇ। ਅਗਾਧਿ–ਅਥਾਹ। ਬੋਧਿ–ਗਿਆਨ। ਆਦੇਸੁ–ਨਮਸ਼ਕਾਰ। ਪ੍ਰਭ ਰਾਇਆ–ਪ੍ਰਭੂ ਪਾਤਸ਼ਾਹ।੧।ਰਹਾਉ। ਨਿਤ–ਸਦਾ; ਹਰ ਰੋਜ। ਝਗਰਤੇ–ਝਗੜਦੇ ਰਹਿੰਦੇ ਹਨ। ਝਗਰਾਇਆ–ਝਗੜਾਏ (ਝਗੜਿਆਂ ਵਿਚ ਪਾਏ) ਹੋਏ। ਹਮ–ਅਸੀਂ (ਜੀਵ)। ਦੀਨ–ਗਰੀਬ; ਲਾਚਾਰ। ਸਰਨਿ–ਸਰਣ ਵਿਚ।੧। ਸਰਣਾਗਤੀ–ਸ਼ਰਣ ਵਿਚ ਆਉਂਦੇ ਹਨ। ਪਾਲਤੇ–ਪਾਲਣਾ ਕਰਦਾ ਹੈ। ਭਗਤਿ ਵਛਲੁ–ਭਗਤੀ ਨਾਲ ਪਿਆਰ ਕਰਨ ਵਾਲਾ। ਨਾਇਆ–(ਤੇਰਾ) ਨਾਮ। ਜਨੁ–ਸੇਵਕ ਨੂੰ। ਹਰਨਾਖਿ–ਹਰਨਾਖਸ਼ ਨੇ। ਹਰਿ–ਹੇ ਹਰੀ!।੨ । ਚੇਤਿ–ਯਾਦ ਕਰ। ਰੇ ਮਨ–ਹੇ ਮਨ!। ਮਹਲੁ–ਹਰੀ ਦਾ ਟਿਕਾਣਾ। ਭੰਜਨੁ–ਨਾਸ਼ ਕਰਨ ਵਾਲਾ। ਪਾਵਣ–ਪਾਉਣ ਲਈ। ਭਉ–ਡਰ। ਨਿਵਾਰਿ–ਦੂਰ ਕਰ ਦੇਂਦਾ ਹੈ। ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ।੩। ਪਤਿਤ ਪਾਵਨ–ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ। ਸੁਆਮੀ–ਮਾਲਕ ਪ੍ਰਭੂ। ਉਰਿ–ਹਿਰਦੇ ਵਿਚ। ਧਾਰਿਓ–ਧਾਰਣ ਕੀਤਾ। ਜਨ–ਸੇਵਕ। ਨਾਮਿ–ਨਾਮ ਵਿਚ। ਸਮਾਇਆ–ਲੀਨ ਹੋ ਗਿਆ।੪।੧।

ਰਾਗ ਮਾਲੀ ਗਉੜਾ = ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦਾ ੨੦ ਵਾਂ ਨੰਬਰ ਹੈ। ਮਾਲਵਾ ਅਤੇ ਗੌੜ ਮਿਲ ਕੇ ਰਾਗ ਮਾਲੀ ਗਉੜਾ ਬਣਦਾ ਹੈ, ਪਰ ਹੋਰਨਾਂ ਮੱਤਾਂ ਵਿਚ ਇਸ ਰਾਗ ਦੇ ਬਹੁਤ ਭੇਦ ਹਨ। ਭਰਤ ਵਿਚ ਇਸ ਰਾਗ ਨੂੰ ਮਾਲ ਕੌਂਸ ਦਾ ਪੁਤ੍ਰ ਮੰਨਿਆ ਹੈ, ਕੋਈ ਇਸ ਨੂੰ ਸੋਰਠ ਤੇ ਗਉੜੀ ਦਾ ਮੇਲ ਮੰਨਦਾ ਹੈ। ਇਸ ਰਾਗ ਵਿਚ ਮਹਲਾ ੪ ਤੇ ਮਹਲਾ ੫ ਅਤੇ ਭਗਤ ਨਾਮ ਦੇਵ ਜੀ ਦੇ ਸ਼ਬਦ ਹਨ। ਇਸ ਦੇ ਗਾਉਣ ਦਾ ਸਮਾਂ ਤੀਜਾ ਪਹਿਰ ਹੈ। ਇਸ ਰਾਗ ਦਾ ਨਾਮ ਰਾਗ ਮਾਲਾ ਵਿਚ ਨਹੀਂ ਹੈ।

ਮਾਲੀ ਗਉੜਾ ਮਹਲਾ ੪ ॥ ਜਪਿ ਮਨ, ਰਾਮ ਨਾਮੁ ਸੁਖ ਦਾਤਾ ॥ ਸਤਸੰਗਤਿ ਮਿਲਿ ਹਰਿ ਸਾਦੁ ਆਇਆ, ਗੁਰਮੁਖਿ ਬ੍ਰਹਮੁ ਪਛਾਤਾ ॥੧॥ਰਹਾਉ॥ ਵਡਭਾਗੀ ਗੁਰ ਦਰਸਨੁ ਪਾਇਆ, ਗੁਰਿ ਮਿਲਿਐ ਹਰਿ ਪ੍ਰਭੁ ਜਾਤਾ ॥ ਦੁਰਮਤਿ ਮੈਲੁ ਗਈ ਸਭ ਨੀਕਰਿ, ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥੧॥ ਧਨੁ ਧਨੁ ਸਾਧੁ ਜਿਨੀ ਹਰਿ ਪ੍ਰਭੁ ਪਾਇਆ, ਤਿਨ੍ ਪੂਛਉ ਹਰਿ ਕੀ ਬਾਤਾ ॥ ਪਾਇ ਲਗਉ ਨਿਤ ਕਰਉ ਜੁਦਰੀਆ, ਹਰਿ ਮੇਲਹੁ ਕਰਮਿ ਬਿਧਾਤਾ ॥੨॥ ਲਿਲਾਟ ਲਿਖੇ ਪਾਇਆ ਗੁਰੁ ਸਾਧੂ, ਗੁਰ ਬਚਨੀ ਮਨੁ ਤਨੁ ਰਾਤਾ

॥ ਹਰਿ ਪ੍ਰਭ ਆਇ ਮਿਲੇ ਸੁਖੁ ਪਾਇਆ, ਸਭ ਕਿਲਵਿਖ ਪਾਪ ਗਵਾਤਾ ॥੩॥ ਰਾਮ ਰਸਾਇਣੁ ਜਿਨ੍ ਗੁਰਮਤਿ ਪਾਇਆ, ਤਿਨ੍ ਕੀ ਊਤਮ ਬਾਤਾ ॥ ਤਿਨ ਕੀ ਪੰਕ ਪਾਈਐ ਵਡਭਾਗੀ, ਜਨ ਨਾਨਕੁ ਚਰਨਿ ਪਰਾਤਾ ॥੪॥੨॥ ਮੇ ਮੇਰੇ ਮਨ! ਵਾਹਿਗੁਰੂ ਦਾ ਨਾਮ ਜਪ ,ਜੋ ਸਾਰੇ ਸੁੱਖ ਦੇਣ ਵਾਲਾ ਹੈ।(ਜਿਸ ਮਨੁੱਖ ਨੂੰ) ਸਤਸੰਗਤ ਵਿਚ ਮਿਲ ਕੇ ਹਰੀ ਦੇ ਨਾਮ ਦਾ ਸੁਆਦ ਆਇਆ ਹੈ, (ਉਸ ਨੇ) ਗੁਰੂ ਦੀ ਸ਼ਰਣ ਪੈ ਕੇ (ਸਾਰੇ ਜੀਵਾਂ ਵਿਚ ਵਸਦੇ) ਬ੍ਰਹਮ ਨੂੰ ਪਛਾਣ ਲਿਆ ਹੈ।੧।ਰਹਾਉ।ਕਿਸੇ ਵੱਡੇ ਭਾਗਾਂ ਵਾਲੇ ਮਨੁੱਖ ਨੇ ਗੁਰੂ ਦਾ ਦਰਸ਼ਨ ਪਾਇਆ ਹੈ, ਗੁਰੂ ਦੇ ਮਿਲਣ ਕਰਕੇ (ਉਸ ਨੇ) ਹਰੀ ਪ੍ਰਭੂ ਨੂੰ ਜਾਣਿਆ ਹੈ।(ਉਸ ਨੇ) ਹਰੀ ਦੇ ਅੰਮ੍ਰਿਤ ਸਰੋਵਰ (ਸਤ ਸੰਗਤ) ਵਿਚ ਆਤਮਕ ਇਸ਼ਨਾਨ ਕੀਤਾ ਹੈ, (ਇਸ ਲਈ ਉਸ ਦੇ ਅੰਦਰੋਂ) ਖੋਟੀ ਮੱਤ ਦੀ ਸਾਰੀ ਮੈਲ ਨਿਕਲ ਗਈ ਹੈ।੧।(ਉਹ) ਸਾਧੂ ਮਨ ਅਤੇ ਸਰੀਰ ਕਰਕੇ ਧੰਨ ਹਨ, ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਪਾਇਆ ਹੈ, ਉਨ੍ਹਾਂ ਪਾਸੋਂ ਮੈਂ ਹਰੀ ਦੇ ਮਿਲਾਪ ਦੀਆਂ ਗੱਲਾਂ ਪੁੱਛਦਾ ਹਾਂ।ਮੈਂ (ਉਨ੍ਹਾਂ ਦੇ) ਚਰਨੀਂ ਲਗਦਾ ਹਾਂ ਤੇ ਨਿਤ ਬੇਨਤੀ ਕਰਦਾ ਹਾਂ ਕਿ ਕਰਮਾਂ ਅਨੁਸਾਰ ਫਲ ਦੇਣ ਵਾਲੇ (ਜਾਂ ਬਖਸ਼ਿਸ਼ ਕਰਕੇ ਰਚਨਹਾਰ) ਹਰੀ ਨਾਲ ਮਿਲਾ ਦਿਓ।੨।(ਹੇ ਭਾਈ!) ਮੱਥੇ ਤੇ ਲਿਖੇ ਚੰਗੇ ਭਾਗਾਂ ਨਾਲ ਮੈਨੂੰ ਸ੍ਰੇਸ਼ਟ ਗੁਰੂ ਪ੍ਰਾਪਤ ਹੋਇਆ ਹੈ, ਮੇਰਾ ਮਨ ਤੇ ਤਨ ਗੁਰੂ ਦੇ ਬਚਨਾਂ ਨਾਲ ਰੰਗਿਆ ਗਿਆ ਹੈ।(ਗੁਰੂ ਦੀ ਕ੍ਰਿਪਾ ਨਾਲ ਮੈਨੂੰ) ਹਰੀ ਪ੍ਰਭੂ ਆ ਮਿਲਿਆ ਹੈ, (ਜਿਸ ਕਰਕੇ ਮੈਂ) ਸੁਖ ਪਾ ਲਿਆ ਹੈ, (ਪ੍ਰਭੂ ਨੇ ਮੇਰੇ) ਛੋਟੇ ਪਾਪ ਤੇ ਵੱਡੇ ਪਾਪ ਦੂਰ ਕਰ ਦਿਤੇ ਹਨ।੩।ਜਿਨ੍ਹਾਂ ਗੁਰਮੁਖਾਂ ਨੇ ਗੁਰੂ ਦੀ ਮੱਤ ਅਨੁਸਾਰ ਰਸਾਂ ਦੇ ਘਰ ਪ੍ਰਮਾਤਮਾ ਨੂੰ ਪਾਇਆ ਹੈ, ਉਨ੍ਹਾਂ ਦੀਆਂ ਗੱਲਾਂ ਬਾਤਾਂ (ਸਭ ਤੋਂ) ਉਤਮ ਹਨ।ਉਨ੍ਹਾਂ ਦੀ ਚਰਨ ਧੂੜ ਵੱਡੇ ਭਾਗਾਂ ਨਾਲ ਪਾਈਦੀ ਹੈ, ਨਾਨਕ ਵੀ (ਉਨ੍ਹਾਂ) ਗੁਰਮੁਖਾਂ ਜਨਾਂ ਦੇ ਚਰਨੀਂ ਪੈਂਦਾ ਹੈ।੪।੨।

ਪਦਾਰਥ = ਮਨ–ਹੇ ਮਨ!।ਰਾਮ–ਸਰਬ ਵਿਆਪਕ ਪ੍ਰਮਾਤਮਾ।ਦਾਤਾ–ਦੇਣ ਵਾਲਾ।ਮਿਲਿ–ਮਿਲ ਕੇ।ਸਾਦੁ–ਸੁਆਦ (ਅਨੰਦ)। ਗੁਰਮੁਖਿ–ਗੁਰੂ ਦੀ ਸਰਨ ਪੈ ਕੇ।ਬ੍ਰਹਮੁ–ਪ੍ਰਮਾਤਮਾ ਨੂੰ।ਪਛਾਤਾ–ਪਛਾਣ ਲਿਆ ਹੈ।੧।ਰਹਾਉ।ਵਡਭਾਗੀ–ਵੱਡੇ ਭਾਗਾਂ ਵਾਲੇ ਮਨੁੱਖ ਨੇ।ਗੁਰਿ ਮਿਲਿਐ–ਗੁਰੂ ਦੇ ਮਿਲਣ ਕਰਕੇ।ਜਾਤਾ–ਜਾਣਿਆ ਹੈ।ਦੁਰਮਤਿ–ਖੋਟੀ ਬੁੱਧੀ (ਮੂਰਖਤਾ)।ਸਭ–ਸਾਰੀ।ਗਈ ਨੀਕਰਿ–ਨਿਕਲ ਗਈ।ਅੰਮ੍ਰਿਤਿ ਸਰਿ–ਅੰਮ੍ਰਿਤ ਸਰੋਵਰ ਵਿਚ।ਨਾਤਾ–ਨ੍ਹਾਇਆ (ਇਸ਼ਨਾਨ ਕੀਤਾ)।੧।ਧਨੁ ਧਨੁ–ਧੰਨਤਾ ਯੋਗ। ਜਿਨ੍ੀ–ਜਿਨ੍ਹਾਂ ਨੇ।ਤਿਨ੍–ਉਨ੍ਹਾਂ ਪਾਸੋਂ।ਪੂਛਉ–ਮੈਂ ਪੁੱਛਦਾ ਹਾਂ।ਹਰਿ ਕੀ ਬਾਤਾ–ਪ੍ਰਭੂ ਦੀਆਂ ਕਥਾ ਕਹਾਣੀਆਂ।ਪਾਇ ਲਗਉ– ਪੈਰੀਂ ਲਗਦਾ ਹਾਂ।ਕਰਉ–ਕਰਦਾ ਹਾਂ।ਜੁਦਰੀਆ–ਬੇਨਤੀ।ਕਰਮਿ–ਕਰਮਾਂ ਅਨੁਸਾਰ; ਮੇਹਰ ਕਰਕੇ।ਬਿਧਾਤਾ–ਰਚਨਹਾਰ; ਫਲ ਦੇਣ ਵਾਲਾ।੨।ਲਿਲਾਟ ਲਿਖੇ–ਮੱਥੇ ਤੇ ਲਿਖੇ ਭਾਗਾਂ ਨਾਲ।ਸਾਧੂ–ਸ੍ਰੇਸ਼ਟ।ਬਚਨੀ–ਬਚਨਾਂ ਨਾਲ।ਰਾਤਾ–ਰੰਗਿਆ ਗਿਆ। ਕਿਲ ਵਿਖ–ਪਾਪ।ਗਵਾਤਾ–ਦੂਰ ਕਰ ਦਿਤੇ।੩।ਰਸਾਇਣੁ–ਰਸਾਂ ਦਾ ਘਰ।ਜਿਨ੍–ਜਿਨ੍ਹਾਂ ਨੇ।ਗੁਰਮਤਿ–ਗੁਰੂ ਦੀ ਸਿੱਖਿਆ ਅਨੁਸਾਰ ।ਤਿਨ੍ ਕੀ–ਉਨ੍ਹਾਂ ਦੀ।ਪੰਕ–ਚਰਨ ਧੂੜ।ਵਡਭਾਗੀ–ਵੱਡੇ ਭਾਗਾਂ ਨਾਲ।ਜਨ–ਗੁਰਮੁਖ ਜਨਾਂ ਦੇ।ਚਰਨਿ ਪਰਾਤਾ–ਚਰਨੀਂ ਪੈਂਦਾ ਹੈ।੪।੨।

ਅੰਗ ੯੮੫ = ਮਾਲੀ ਗਉੜਾ ਮਹਲਾ ੪ ॥ ਸਭਿ ਸਿਧ ਸਾਧਿਕ ਮੁਨਿ ਜਨਾ, ਮਨਿ ਭਾਵਨੀ ਹਰਿ ਧਿਆਇਓ ॥ ਅਪਰੰਪਰੋ ਪਾਰ ਬ੍ਰਹਮੁ ਸੁਆਮੀ, ਹਰਿ ਅਲਖੁ ਗੁਰੂ ਲਖਾਇਓ ॥੧।ਰਹਾਉ॥ ਹਮ ਨੀਚ ਮਧਿਮ ਕਰਮ ਕੀਏ, ਨਹੀ ਚੇਤਿਓ ਹਰਿ ਰਾਇਓ ॥ ਹਰਿ ਆਨਿ ਮੇਲਿਓ ਸਤਿਗੁਰੂ ,ਖਿਨੁ ਬੰਧ ਮੁਕਤਿ ਕਰਾਇਓ ॥੧॥ ਪ੍ਰਭਿ ਮਸਤਕੇ ਧੁਰਿ ਲੀਖਿਆ, ਗੁਰਮਤੀ ਹਰਿ ਲਿਵ ਲਾਇਓ ॥ ਪੰਚ ਸਬਦ ਦਰਗਹ ਬਾਜਿਆ, ਹਰਿ ਮਿਲਿਓ ਮੰਗਲੁ ਗਾਇਓ ॥੨॥ ਪਤਿਤ ਪਾਵਨੁ ਨਾਮੁ ਨਰਹਰਿ, ਮੰਦਭਾਗੀਆਂ ਨਹੀ ਭਾਇਓ ॥ ਤੇ ਗਰਭ ਜੋਨੀ ਗਾਲੀਅਹਿ, ਜਿਉ ਲੋਨੁ ਜਲਹਿ ਗਲਾਇਓ ॥੩॥ ਮਤਿ ਦੇਹਿ ਹਰਿ ਪ੍ਰਭ ਅਗਮ ਠਾਕੁਰ, ਗੁਰ ਚਰਨ ਮਨੁ ਮੈ ਲਾਇਓ ॥ ਹਰਿ ਰਾਮ ਨਾਮੈ ਰਹਉ ਲਾਗੋ, ਜਨ ਨਾਨਕ ਨਾਮਿ ਸਮਾਇਓ ॥੪॥੩॥ (ਹੇ ਭਾਈ!) ਸਾਰੇ ਸਿੱਧਾਂ, ਸਾਧਕਾਂ ਤੇ ਮੁਨੀ ਜਨਾਂ ਨੇ ਮਨ ਵਿਚ ਸ਼ਰਧਾ ਧਾਰ ਕੇ ਹਰੀ ਨੂੰ ਧਿਆਇਆ ਹੈ।ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ ਜੋ ਨਿਰਗੁਣ ਪ੍ਰਭੂ ਹੈ, ਗੁਰੂ ਨੇ ਉਹ ਅਦ੍ਰਿਸ਼ਟ ਹਰੀ (ਇਨ੍ਹਾਂ ਨੂੰ ਹਿਰਦੇ ਅੰਦਰ ਵਸਦਾ) ਦਿਖਾ ਦਿਤਾ ਹੈ।੧।ਰਹਾਉ।ਅਸੀਂ ਜੀਵਾਂ ਨੇ ਨੀਚ ਤੇ ਮੰਦੇ ਕਰਮ ਕੀਤੇ ਹਨ ਅਤੇ ਪ੍ਰਭੂ ਪਾਤਸ਼ਾਹ ਨੂੰ ਯਾਦ ਨਹੀਂ ਕੀਤਾ।ਹਰੀ ਨੇ ਸਤਿਗੁਰੂ ਲਿਆ ਕੇ (ਸਾਨੂੰ) ਮਿਲਾ ਦਿਤਾ, (ਜਿਸ ਨੇ) ਇਕ ਖਿਨ ਵਿਚ ਸਾਨੂੰ ਸੰਸਾਰ ਦੇ ਬੰਧਨਾਂ ਤੋਂ ਮੁਕਤ ਕਰਾ ਦਿਤਾ।੧।ਪ੍ਰਭੂ ਨੇ ਸਾਡੇ ਮੱਥੇ ਤੇ ਧੁਰ ਤੋਂ ਲੇਖ ਲਿਖਿਆ ਹੋਇਆ ਸੀ, (ਉਸ ਅਨੁਸਾਰ ਅਸੀਂ) ਗੁਰੂ ਦੀ ਮੱਤ ਲੈ ਕੇ ਹਰੀ ਵਿਚ ਸੁਰਤ ਲਾ ਲਈ।ਰੱਬੀ ਦਰਗਾਹ (ਮੇਰੇ ਆਤਮ ਮੰਡਲ) ਵਿਚ ਪੰਜ

ਕਿਸਮ ਦੇ ਸਾਜਾਂ ਦੀ ਧੁਨ ਵਜਣ ਲਗ ਪਈ, (ਗੁਰੂ ਦੀ ਕ੍ਰਿਪਾ ਨਾਲ ਸਾਨੂੰ) ਹਰੀ ਮਿਲ ਪਿਆ, (ਜਿਸ ਕਰਕੇ ਅਸੀਂ) ਖੁਸ਼ੀ ਦਾ ਗੀਤ ਗਾਇਆ।੨।(ਹੇ ਭਾਈ!) ਪ੍ਰਭੂ ਦਾ ਨਾਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ, (ਪਰ) ਮੰਦੇ ਭਾਗਾਂ ਵਾਲੇ ਮਨੁੱਖਾਂ ਨੂੰ (ਨਾਮ ਜਪਣਾ) ਚੰਗਾ ਨਹੀਂ ਲਗਦਾ। ਜਿਵੇਂ ਲੂਣ ਪਾਣੀ ਵਿਚ ਗਲ ਜਾਂਦਾ ਹੈ, (ਤਿਵੇਂ) ਉਹ (ਮੰਦ ਭਾਗੀ ਬੰਦੇ) ਗਰਭ ਜੋਨੀ ਵਿਚ ਗਾਲੇ ਜਾਂਦੇ ਹਨ।੩।ਹੇ ਹਰੀ ਪ੍ਰਭੂ! ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਮਾਲਕ! (ਮੈਨੂੰ ਇਹ) ਸਿੱਖਿਆ ਦੇਹ ਕਿ ਮੈਂ ਗੁਰੂ ਦੇ ਚਰਨਾਂ ਵਿਚ ਅਪਣੇ ਮਨ ਨੂੰ ਲਾਈ ਰੱਖਾਂ। ਦਾਸ ਨਾਨਕ ਬੇਨਤੀ ਕਰਦਾ ਹੈ ਕਿ (ਹੇ ਪ੍ਰਭੂ! ਕ੍ਰਿਪਾ ਕਰ) ਮੈਂ ਪ੍ਰਭੂ ਦੇ ਨਾਮ ਲੱਗਾ ਰਹਾਂ ਅਤੇ ਨਾਮ ਵਿਚ ਹੀ ਲੀਨ ਰਹਾਂ।੪।੩।

ਪਦਾਰਥ = ਸਿਧ–ਜੋ ਜੋਗ ਸਾਧਨਾ ਪੂਰੀ ਕਰਕੇ ਰੁਹਾਨੀ ਤਾਕਤ ਨੂੰ ਪ੍ਰਾਪਤ ਕਰ ਚੁਕੇ ਹਨ। ਸਾਧਿਕ–ਜੋਗ ਸਾਧਨਾ ਕਰਨ ਵਾਲੇ ਮਨੁੱਖ। ਮੁਨਿ ਜਨਾ–ਮੁਨੀ ਜਨ। ਮਨਿ–ਮਨ ਵਿਚ। ਭਾਵਨੀ–ਸ਼ਰਧਾ। ਅਪਰੰਪਰ–ਵੰਸ਼ ਰਹਿਤ; ਜਗਤ ਰਚਨਾ ਵਿਚ ਕਿਸੇ ਦੀ ਮੱਦਤ ਨ ਚਾਹੁਣ ਵਾਲਾ; ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ; ਉਚੇ ਤੋਂ ਉਚਾ। ਪਾਰਬ੍ਰਹਮੁ–ਜਗਤ ਤੋਂ ਪਰੇ ਨਿਰਗੁਣ ਬ੍ਰਹਮ। ਅਲਖੁ–(ਅਲੱਖ ਪੜ੍ਹੋ) ਪੂਰੀ ਤਰ੍ਹਾਂ) ਸਮਝ ਵਿਚ ਨਾ ਆਉਣ ਵਾਲਾ ਹਰੀ। ਲਖਾਇਓ–ਦਿਖਾ ਦਿਤਾ।੧। ਰਹਾਉ। ਹਮ–ਅਸੀਂ ਜੀਵ। ਮਧਿਮ–ਮੰਦੇ। ਕੀਏ–ਕੀਤੇ ਹਨ। ਨਹੀ ਚੇਤਿਓ–ਯਾਦ ਨਹੀਂ ਕੀਤਾ। ਹਰਿ ਰਾਇਓ–ਹਰੀ ਰਾਜਾ। ਆਨਿ–ਲਿਆ ਕੇ। ਖਿਨੁ–ਇਕ ਪਲ ਵਿਚ। ਬੰਧ–ਬੰਧਨਾਂ ਤੋਂ। ਮੁਕਤਿ–ਅਜਾਦ।੧। ਪ੍ਰਭਿ–ਪਭੂ ਨੇ। ਮਸਤਕੇ–ਮੱਥੇ ਤੇ। ਧੁਰਿ–ਧੁਰ ਦਰਗਾਹ ਤੋਂ। ਗੁਰਮਤੀ–ਗੁਰੂ ਦੀ ਸਿਖਿਆ ਲੈ ਕੇ। ਲਿਵ–ਲਗਨ; ਸੁਰਤ। ਪੰਚ ਸਬਦ–ਪੰਜ ਕਿਸਮ ਦੇ (ਤਾਰ, ਚੰਮ, ਧਾਤ, ਘੜਾ ਤੇ ਫੂਕ ਵਾਲੇ) ਸਾਜਾਂ ਦੀ ਧੁਨੀ। ਬਾਜਿਆ–ਵਜਣ ਲਗ ਪਈ। ਮੰਗਲੁ–ਖੁਸ਼ੀ ਦਾ ਗੀਤ (ਕੀਰਤਨ)।੨। ਪਤਿਤ–ਪਾਪੀ ਮਨੁੱਖਾਂ ਨੂੰ। ਪਾਵਨ–ਪਵਿਤ੍ਰ ਕਰਨ ਵਾਲਾ। ਨਰਹਰਿ–ਪ੍ਰਮਾਤਮਾ। ਮੰਦਭਾਗੀਆਂ–ਮਾੜੇ ਭਾਗਾਂ ਵਾਲੇ ਮਨੁੱਖਾਂ ਨੂੰ। ਨਹੀ ਭਾਇਓ–ਚੰਗਾ ਨਹੀਂ ਲਗਦਾ। ਤੇ–ਉਹ। ਗਾਲੀਅਹਿ–ਗਾਲੇ ਜਾਂਦੇ ਹਨ। ਲੋਨੁ–ਲੂਣ। ਜਲਹਿ–ਪਾਣੀ ਵਿਚ। ਗਲਾਇਓ–ਖੁਰ (ਗਲ) ਜਾਂਦਾ ਹੈ।੩। ਮਤਿ ਦੇਹਿ–ਸਿੱਖਿਆ ਦੇਹ। ਅਗਮ ਠਾਕੁਰ–ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ!। ਨਾਮੈ–ਨਾਮ ਵਿਚ। ਰਹਉ ਲਾਗੋ–ਲਾਈ ਰਖਾਂ। ਨਾਮਿ ਸਮਾਇਓ–ਨਾਮ ਵਿਚ ਲੀਨ ਰਹਾਂ।੪।੩।

ਮਾਲੀ ਗਉੜਾ ਮਹਲਾ ੪ ॥ ਮੇਰਾ ਮਨੁ ਰਾਮ ਨਾਮਿ ਰਸਿ ਲਾਗਾ ॥ ਕਮਲ ਪ੍ਰਗਾਸੁ ਭਇਆ ਗੁਰੁ ਪਾਇਆ, ਹਰਿ ਜਪਿਓ ਭ੍ਰਮੁ ਭਉ ਭਾਗਾ ॥੧॥ਰਹਾਉ॥ ਭੈ ਭਾਇ ਭਗਤਿ ਲਾਗੋ ਮੇਰਾ ਹੀਅਰਾ, ਮਨੁ ਸੋਇਓ ਗੁਰਮਤਿ ਜਾਗਾ ॥ ਕਿਲਬਿਖ ਖੀਨ ਭਏ ਸਾਂਤਿ ਆਈ, ਹਰਿ ਉਰ ਧਾਰਿਓ ਵਡਭਾਗਾ ॥੧॥ ਮਨਮੁਖ ਰੰਗੁ ਕੁਸੁੰਭੁ ਹੈ ਕਚੂਆ, ਜਿਉ ਕੁਸਮ ਚਾਰਿ ਦਿਨ ਚਾਗਾ ॥ ਖਿਨ ਮਹਿ ਬਿਨਸਿ ਜਾਇ ਪਰਤਾਪੈ, ਡੰਡੁ ਧਰਮਰਾਇ ਕਾ ਲਾਗਾ ॥੨॥ ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ, ਜਿਉ ਰੰਗੁ ਮਜੀਠ ਬਹੁ ਲਾਗਾ ॥ ਕਾਇਆ ਕਾਪਰੁ ਚੀਰ ਬਹੁ ਫਾਰੇ, ਹਰਿ ਰੰਗੁ ਨ ਲਹੈ ਸਭਾਗਾ ॥੩॥ ਹਰਿ ਚਾਰ੍ਹਿਓ ਰੰਗੁ ਮਿਲੈ ਗੁਰੁ ਸੋਭਾ, ਹਰਿ ਰੰਗਿ ਚਲੂਲੈ ਰਾਂਗਾ ॥ ਜਨ ਨਾਨਕੁ ਤਿਨ ਕੇ ਚਰਨ ਪਖਾਰੈ, ਜੋ ਹਰਿ ਚਰਨੀ ਜਨੁ ਲਾਗਾ ॥੪॥੪॥ (ਹੇ ਭਾਈ! ਅੰਨਵੈ ਅੱਖਰ, ਜਦੋਂ ਮੈਨੂੰ) ਗੁਰੂ ਪ੍ਰਾਪਤ ਹੋਇਆ, ਤਾਂ ਮੇਰੇ ਹਿਰਦੇ ਕਮਲ ਦਾ ਖਿੜਾਉ ਹੋ ਗਿਆ, (ਹੁਣ) ਮੇਰਾ ਮਨ ਪ੍ਰਭੂ ਦੇ ਨਾਮ ਸਿਮਰਨ ਵਿਚ ਲੱਗਾ ਰਹਿੰਦਾ ਹੈ ਅਤੇ (ਪ੍ਰਭੂ ਦੇ) ਨਾਮ ਰਸ ਵਿਚ ਮਗਨ ਰਹਿੰਦਾ ਹੈ, (ਜਦੋਂ ਮੈਂ) ਹਰੀ ਦਾ ਨਾਮ ਜਪਿਆ, (ਤਾਂ ਮੇਰਾ) ਡਰ ਤੇ ਭਰਮ ਭੱਜ ਗਿਆ।੧। ਰਹਾਉ।(ਹੇ ਭਾਈ! ਗੁਰ ਦੇ) ਡਰ ਤੇ ਪ੍ਰੇਮਾ ਭਗਤੀ ਵਿਚ ਮੇਰਾ ਹਿਰਦਾ ਲਗ (ਜੁੜ) ਗਿਆ ਹੈ ਅਤੇ (ਅਗਿਆਨਤਾ ਦੀ ਨੀਂਦ ਵਿਚ) ਸੁੱਤਾ ਹੋਇਆ ਮੇਰਾ ਮਨ ਗੁਰੂ ਦੀ ਸਿੱਖਿਆ ਦੁਆਰਾ (ਗਿਆਨ ਅਵਸਥਾ ਵਿਚ) ਜਾਗ ਪਿਆ ਹੈ। ਵੱਡੇ ਭਾਗਾਂ ਨਾਲ ਮੈਂ ਹਰੀ ਨੂੰ ਅਪਣੇ ਹਿਰਦੇ ਵਿਚ ਟਿਕਾਇਆ ਹੈ, (ਜਿਸ ਦੀ ਬਰਕਤ ਨਾਲ ਮੇਰੇ ਸਾਰੇ) ਪਾਪ ਨਾਸ਼ ਹੋ ਗਏ ਹਨ ਅਤੇ (ਮੇਰੇ ਮਨ ਵਿਚ) ਸ਼ਾਂਤੀ ਆ ਗਈ ਹੈ।੧।(ਹੇ ਭਾਈ!) ਮਨਮੁਖ ਕਸੁੰਭੇ ਫੁੱਲ ਦੇ ਕੱਚੇ ਰੰਗ ਵਰਗਾ ਹੈ, (ਜਿਸ ਕਸੁੰਭੇ) ਫੁੱਲ ਦਾ ਰੰਗ ਚਾਰ ਦਿਨ ਹੀ ਚੰਗਾ ਰਹਿੰਦਾ ਹੈ (ਫਿਰ ਫਿੱਕਾ ਪੈ ਜਾਂਦਾ ਹੈ। ਤਿਵੇਂ ਮਨਮੁਖ ਦੇ ਅੰਦਰੋਂ ਵਿਸ਼ਿਆਂ ਦਾ ਅਨੰਦ) ਇਕ ਖਿਨ ਵਿਚ ਨਾਸ਼ ਹੋ ਜਾਂਦਾ ਹੈ, (ਫਿਰ ਮਨਮੁਖ) ਤਪਦਾ (ਦੁਖੀ ਹੁੰਦਾ) ਹੈ ਅਤੇ (ਪ੍ਰਲੋਕ ਵਿਚ ਗਿਆਂ ਉਸ ਦੇ ਸਿਰ ਉਤੇ) ਧਰਮਰਾਜ ਦਾ ਡੰਡਾ ਲਗਦਾ ਹੈ।੨।(ਹੇ ਭਾਈ!) ਸਤਸੰਗਤ ਵਿਚ ਸਾਧੂ ਗੁਰੂ ਦੀ ਪ੍ਰੀਤ ਬਹੁਤ ਗੂੜ੍ਹੀ ਪੱਕੀ ਬਣ ਜਾਂਦੀ ਹੈ, ਜਿਵੇਂ (ਕੱਪੜੇ ਨੂੰ) ਮਜੀਠ ਦਾ ਰੰਗ ਬਹੁਤ ਪੱਕਾ ਲਗਦਾ ਹੈ।(ਮਜੀਠ ਨਾਲ ਰੰਗੇ ਹੋਏ) ਕੱਪੜੇ ਬਹੁਤ ਫਟ ਭਾਵੇਂ ਜਾਣ, (ਪਰ ਉਨ੍ਹਾਂ ਦਾ ਰੰਗ ਉਤਰਦਾ ਨਹੀਂ, ਇਸੇ ਤਰ੍ਹਾਂ) ਸਰੀਰ ਰੂਪ ਕਪੜੇ ਉਤੇ ਹਰੀ ਦੇ ਨਾਮ ਦਾ ਚੜ੍ਹਿਆ ਭਾਗਾਂ ਵਾਲਾ ਰੰਗ ਉਤਰਦਾ ਨਹੀਂ (ਭਾਵੇਂ ਸਰੀਰ ਕਿੰਨਾ ਹੀ ਦੁਖੀ ਹੋਵੇ, ਫਿਰ ਵੀ ਖੁਸ਼ ਰਹਿੰਦਾ ਹੈ)।੩।(ਜਿਸ ਮਨੁੱਖ ਨੂੰ) ਸੋਭਾ ਵਾਲਾ ਗੁਰੂ ਮਿਲ ਪੈਂਦਾ ਹੈ, (ਉਸ ਨੂੰ

ਗੁਰੂ) ਹਰੀ ਦੇ ਨਾਮ ਦਾ ਰੰਗ ਚਾੜ੍ਹ ਦਿੰਦਾ ਹੈ, (ਉਹ ਮਨੁੱਖ) ਹਰੀ ਨਾਮ ਦੇ ਗੂੜ੍ਹੇ ਰੰਗ ਵਿਚ ਰੰਗਿਆ ਜਾਂਦਾ ਹੈ। ਜੋ ਜੋ ਸੇਵਕ ਹਰੀ ਦੇ ਚਰਨਾਂ ਵਿਚ ਲਗ (ਜੁੜ) ਗਿਆ ਹੈ, ਦਾਸ ਨਾਨਕ ਉਨ੍ਹਾਂ ਦੇ ਚਰਨ ਧੋਂਦਾ ਹੈ।੪।੪।

ਪਦਾਰਥ = ਰਾਮ ਨਾਮਿ–ਪ੍ਰਭੂ ਦੇ ਨਾਮ ਵਿਚ। ਰਸਿ–ਰਸ ਵਿਚ। ਕਮਲ–ਹਿਰਦਾ ਕਮਲ। ਪ੍ਰਗਾਸੁ ਭਇਆ–ਖਿੜਾਉ ਹੋ ਗਿਆ। ਭ੍ਰਮੁ –ਭਰਮ। ਭਉ–ਡਰ। ਭਾਗਾ–ਦੌੜ ਗਿਆ।੧। ਰਹਾਉ। ਭੈ–ਡਰ। ਭਾਇ ਭਗਤਿ–ਪ੍ਰੇਮਾ ਭਗਤੀ ਵਿਚ। ਹੀਅਰਾ–ਹਿਰਦਾ। ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਜਾਗਾ–ਜਾਗ ਪਿਆ। ਕਿਲਬਿਖ–ਪਾਪ। ਖੀਨ ਭਏ–ਨਾਸ਼ ਹੋ ਗਏ। ਉਰ ਧਾਰਿਓ–ਹਿਰਦੇ ਵਿਚ ਧਾਰਣ ਕਰ (ਟਿਕਾ) ਲਿਆ।੧। ਮਨਮੁਖੁ–ਆਪ ਮੁਹਾਰੇ ਚੱਲਣ ਵਾਲਾ ਮਨੁੱਖ। ਕੁਸੁੰਭੁ–ਕਸੁੰਭੇ ਦਾ ਫੁੱਲ। ਕਚੂਆ–ਕੱਚਾ। ਕੁਸਮ–ਫੁੱਲ। ਚਾਗਾ–ਚੰਗਾ। ਖਿਨ ਮਹਿ–ਬਹੁਤ ਥੋੜੇ ਸਮੇਂ ਵਿਚ। ਬਿਨਸਿ ਜਾਇ–ਨਾਸ਼ ਹੋ ਜਾਂਦਾ ਹੈ। ਪਰਤਾਪੈ–ਤਪਦਾ (ਦੁਖੀ ਹੁੰਦਾ) ਹੈ। ਡੰਡੁ–ਡੰਡਾ; ਸਜਾ।੨। ਅਤਿ–ਬਹੁਤ। ਕਾਇਆ ਕਾਪਰੁ–ਸਰੀਰ ਰੂਪ ਕੱਪੜਾ। ਚੀਰ–ਕੱਪੜੇ। ਬਹੁ ਫਾਰੇ–ਬਹੁਤ ਫਟ ਜਾਣ। ਨ ਲਹੈ–ਲਹਿੰਦਾ (ਉਤਰਦਾ) ਨਹੀਂ। ਸਭਾਗਾ–ਭਾਗਾਂ ਵਾਲਾ।੩। ਚਾਰ੍ਹਿਓ–ਚਾੜ੍ਹ ਦਿਤਾ। ਸੋਭਾ–ਸੋਭਾ ਵਾਲਾ। ਰੰਗਿ ਚਲੂਲੈ–ਗੂੜ੍ਹੇ ਰੰਗਿ ਵਿਚ। ਰਾਂਗਾ–ਰੰਗਿਆ ਜਾਂਦਾ ਹੈ। ਜਨ ਨਾਨਕ–ਦਾਸ ਨਾਨਕ। ਤਿਨ ਕੇ–ਉਨ੍ਹਾਂ ਦੇ । ਪਖਾਰੈ–ਧੋਂਦਾ ਹੈ। ਜਨੁ–ਸੇਵਕ।੪।੪।

ਮਾਲੀ ਗਉੜਾ ਮਹਲਾ ੪ ॥ ਮੇਰੇ ਮਨ, ਭਜੁ ਹਰਿ ਹਰਿ ਨਾਮੁ ਗੁਪਾਲਾ ॥ ਮੇਰਾ ਮਨੁ ਤਨੁ ਲੀਨੁ ਭਇਆ ਰਾਮ ਨਾਮੈ, ਮਤਿ ਗੁਰਮਤਿ ਰਾਮ ਰਸਾਲਾ ॥੧॥ਰਹਾਉ॥ ਗੁਰਮਤਿ ਨਾਮੁ ਧਿਆਈਐ ਹਰਿ ਹਰਿ, ਮਨਿ ਜਪੀਐ ਹਰਿ ਜਪਮਾਲਾ ॥ ਜਿਨ੍ ਕੈ ਮਸਤਕਿ ਲੀਖਿਆ, ਹਰਿ ਮਿਲਿਆ ਹਰਿ ਬਨਮਾਲਾ ॥੧॥ ਜਿਨ੍ ਹਰਿ ਨਾਮੁ ਧਿਆਇਆ, ਤਿਨ੍ ਚੂਕੇ ਸਰਬ ਜੰਜਾਲਾ ॥ ਤਿਨ੍ ਜਮੁ ਨੇੜਿ ਨ ਆਵਈ, ਗੁਰਿ ਰਾਖੇ ਹਰਿ ਰਖਵਾਲਾ ॥੨॥ ਹਮ ਬਾਰਿਕ ਕਿਛੂ ਨ ਜਾਣਹੂ ,ਹਰਿ ਮਾਤ ਪਿਤਾ ਪ੍ਰਤਿਪਾਲਾ ॥ ਕਰੁ ਮਾਇਆ ਅਗਨਿ ਨਿਤ ਮੇਲਤੇ, ਗੁਰਿ ਰਾਖੇ ਦੀਨ ਦਇਆਲਾ ॥੩॥ ਬਹੁ ਮੈਲੇ ਨਿਰਮਲ ਹੋਇਆ, ਸਭ ਕਿਲਬਿਖ ਹਰਿ ਜਸਿ ਜਾਲਾ ॥ ਮਨਿ ਅਨਦੁ ਭਇਆ ਗੁਰੁ ਪਾਇਆ, ਜਨ ਨਾਨਕ ਸਬਦਿ ਨਿਹਾਲਾ ॥੪॥੫॥ ਹੇ ਮੇਰੇ ਮਨ! ਸ੍ਰਿਸਟੀ ਦੀ ਪਾਲਣਾ ਕਰਨ ਵਾਲੇ ਪ੍ਰਮੇਸਰ ਦਾ ਨਾਮ ਸਿਮਰਿਆ ਕਰ। (ਹੇ ਭਾਈ! ਨਾਮ ਸਿਮਰਨ ਦੀ ਬਰਕਤ ਨਾਲ) ਮੇਰਾ ਮਨ ਤੇ ਤਨ ਪ੍ਰਮੇਸਰ ਦੇ ਨਾਮ ਵਿਚ ਲੀਨ ਹੋਇਆ ਹੈ ਅਤੇ ਗੁਰੂ ਦੀ ਮੱਤ ਦੁਆਰਾ ਮੇਰੀ ਬੁੱਧੀ ਵਿਚ ਰਸਾਂ ਦਾ ਘਰ ਪ੍ਰਮੇਸਰ ਆ ਟਿਕਿਆ ਹੈ।੧। ਰਹਾਉ। (ਹੇ ਭਾਈ!) ਗੁਰੂ ਦੀ ਸਿੱਖਿਆ ਦੁਆਰਾ ਹਰੀ ਦਾ ਨਾਮ ਧਿਆਉਣਾ ਚਾਹੀਦਾ ਹੈ ਅਤੇ ਹਰੀ ਦਾ ਨਾਮ ਜਪਣ ਵਾਲੀ ਮਾਲਾ ਇਹ ਹੈ ਕਿ ਮਨ ਵਿਚ (ਉਸ ਦਾ ਨਾਮ) ਜਪੀਏ {ਹਰਿ ਮਾਲਾ ਉਰ ਅੰਤਰਿ ਧਾਰੈ ੩੮੮}। ਜੰਗਲ ਦੇ ਫੁੱਲਾਂ ਦੀ ਮਾਲਾ ਪਹਿਨਣ ਵਾਲਾ ਹਰੀ (ਉਨ੍ਹਾਂ ਮਨੁੱਖਾਂ ਨੂੰ) ਮਿਲਿਆ ਹੈ, ਜਿਨ੍ਹਾਂ ਦੇ ਮੱਥੇ ਉਤੇ (ਇਹ ਲੇਖ) ਲਿਖਿਆ ਹੋਇਆ ਹੈ।੧। ਜਿਨ੍ਹਾਂ ਮਨੁੱਖਾਂ ਨੇ ਹਰੀ ਦਾ ਨਾਮ ਧਿਆਇਆ ਹੈ, ਉਨ੍ਹਾਂ ਦੇ ਸਾਰੇ ਜੰਜਾਲ ਮੁੱਕ ਗਏ ਹਨ। ਉਨ੍ਹਾਂ ਮਨੁੱਖਾਂ ਦੇ ਜਮ ਨੇੜੇ ਨਹੀਂ ਆਉਂਦਾ, ਗੁਰੂ ਨੇ (ਉਹ ਬਚਾ ਕੇ) ਰੱਖੇ ਹਨ ਅਤੇ ਹਰੀ (ਵੀ ਉਨ੍ਹਾਂ ਦਾ) ਰਖਵਾਲਾ ਹੁੰਦਾ ਹੈ।੨। ਅਸੀਂ (ਨਿਆਣੇ) ਬੱਚੇ ਕੁਛ ਨਹੀਂ ਜਾਣਦੇ, ਪ੍ਰਮਾਤਮਾ ਮਾਂ ਬਾਪ ਵਾਂਗ (ਸਾਡੀ ਬੱਚਿਆਂ ਦੀ) ਪਾਲਣਾ ਕਰਨ ਵਾਲਾ ਹੈ। (ਪਹਿਲਾਂ ਅਸੀਂ ਅਪਣਾ) ਮਨ ਰੂਪ ਹੱਥ ਮਾਇਆ ਰੂਪ ਅੱਗ ਵਿਚ ਨਿੱਤ ਮੇਲਦੇ (ਪਾਉਂਦੇ) ਸੀ, (ਪਰ) ਦੀਨਾਂ ਉਤੇ ਦਇਆ ਕਰਨ ਵਾਲੇ ਗੁਰੂ ਨੇ (ਸਦਾ ਸਾਡੀ) ਰੱਖਿਆ ਕੀਤੀ ਹੈ (ਮਾਇਆ ਦੀ ਅੱਗ ਤੋਂ ਬਚਾ ਲਿਆ)।੩। (ਜਿਹੜੇ ਮਨੁੱਖ ਵਿਸ਼ੇ ਵਿਕਾਰਾਂ ਕਰਕੇ) ਬਹੁਤ ਮੈਲੇ ਸਨ, (ਨਾਮ ਜਪ ਕੇ ਉਨ੍ਹਾਂ ਦਾ ਮਨ) ਪਵਿਤ੍ਰ ਹੋ ਗਿਆ ਹੈ, ਹਰੀ ਦੇ ਜਸ ਨੇ (ਉਨ੍ਹਾਂ ਦੇ) ਸਾਰੇ ਪਾਪ ਸਾੜ ਦਿਤੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ) ਗੁਰੂ ਨੂੰ ਪਾ ਲਿਆ ਹੈ, (ਉਸ ਦੇ) ਮਨ ਵਿਚ ਅਨੰਦ ਪ੍ਰਾਪਤ ਹੋਇਆ ਹੈ ਅਤੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਉਹ ਮਨੁੱਖ ਨਿਹਾਲ ਹੋ ਗਿਆ ਹੈ।੪।੫।

ਪਦਾਰਥ = ਮਨ–ਹੇ ਮਨ!। ਭਜੁ–ਸਿਮਰ। ਗੁਪਾਲਾ–ਸ੍ਰਿਸਟੀ ਦੀ ਪਾਲਣਾ ਕਰਨ ਵਾਲਾ। ਤਨੁ–ਸਰੀਰ। ਭਇਆ–ਹੋਇਆ। ਰਾਮ ਨਾਮੈ–ਪ੍ਰਭੂ ਦੇ ਨਾਮ ਵਿਚ। ਮਤਿ–ਬੁੱਧੀ ਵਿਚ। ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਰਸਾਲਾ–ਰਸਾਂ ਦਾ ਘਰ।੧। ਰਹਾਉ। ਮਨਿ–ਮਨ ਵਿਚ। ਜਪਮਾਲਾ–ਨਾਮ ਜਪਣ ਵਾਲੀ ਮਾਲਾ। ਜਿਨ੍ ਕੈ–ਜਿਨ੍ਹਾਂ ਦੇ। ਮਸਤਕਿ–ਮੱਥੇ ਉਤੇ। ਬਨਮਾਲਾ–ਜੰਗਲ ਦੇ ਫੁੱਲਾਂ ਦੀ ਮਾਲਾ (ਬੈਜੰਤੀ ਮਾਲਾ)।੧। ਤਿਨ੍–ਉਨ੍ਹਾਂ ਦੇ। ਚੂਕੇ–ਮੁੱਕ ਗਏ। ਸਰਬ–ਸਾਰੇ। ਜੰਜਾਲਾ–ਧੰਧੇ; ਸੰਸਾਰਕ ਬੰਧਨ। ਗੁਰਿ–ਗੁਰੂ ਨੇ ।੨। ਹਮ–ਅਸੀਂ (ਸੰਸਾਰੀ ਜੀਵ)। ਨ ਜਾਣਹੂ–(ਅਪਣਾ ਹਾਣ ਲਾਭ) ਨਹੀਂ ਜਾਣਦੇ। ਕਰੁ–ਹੱਥ। ਅਗਨਿ–ਅੱਗ ਵਿਚ । ਨਿਤ–ਸਦਾ; ਹਰ ਰੋਜ। ਮੇਲਤੇ–ਮੇਲਦੇ (ਪਾਉਂਦੇ) ਸੀ। ਦੀਨ ਦਇਆਲਾ–ਗਰੀਬਾਂ ਉਤੇ ਦਇਆ ਕਰਨ ਵਾਲਾ।੩। ਬਹੁ–ਬਹੁਤ। ਨਿਰਮਲ–ਪਵਿਤ੍ਰ; ਮੈਲ ਰਹਿਤ। ਕਿਲਬਿਖ–ਪਾਪ। ਜਸਿ–ਜਸ ਨੇ। ਜਾਲਾ–ਸਾੜ ਦਿਤੇ। ਜਨ–ਮਨੁੱਖ। ਸਬਦਿ–ਸ਼ਬਦ ਰਾਹੀਂ।

ਅੰਗ ੯੮੬ = ਮਾਲੀ ਗਉੜਾ ਮਹਲਾ ੪ ॥ ਮੇਰੇ ਮਨ ਹਰਿ ਭਜੁ ,ਸਭ ਕਿਲਬਿਖ ਕਾਟ ॥ ਹਰਿ ਹਰਿ ਉਰ ਧਾਰਿਓ ਗੁਰਿ ਪੂਰੈ, ਮੇਰਾ ਸੀਸੁ ਕੀਜੈ ਗੁਰ ਵਾਟ ॥੧॥ਰਹਾਉ॥ ਮੇਰੇ ਹਰਿ ਪ੍ਰਭ ਕੀ ਮੈ ਬਾਤ ਸੁਨਾਵੈ, ਤਿਸੁ ਮਨੁ ਦੇਵਉ ਕਟਿ ਕਾਟ ॥ ਹਰਿ ਸਾਜਨੁ ਮੇਲਿਓ ਗੁਰਿ ਪੂਰੈ, ਗੁਰ ਬਚਨਿ ਬਿਕਾਨੋ ਹਟਿ ਹਾਟ ॥੧॥ ਮਕਰ ਪ੍ਰਾਗਿ ਦਾਨੁ ਬਹੁ ਕੀਆ, ਸਰੀਰੁ ਦੀਓ ਅਧ ਕਾਟਿ ॥ ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵੈ, ਬਹੁ ਕੰਚਨੁ ਦੀਜੈ ਕਟਿ ਕਾਟ ॥੨॥ ਹਰਿ ਕੀਰਤਿ ਗੁਰਮਤਿ ਜਸੁ ਗਾਇਓ, ਮਨਿ ਉਘਰੇ ਕਪਟ ਕਪਾਟ ॥ ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ, ਲਜ ਭਾਨੀ ਮਟੁਕੀ ਮਾਟ ॥੩॥ ਕਲਜੁਗਿ ਗੁਰੁ ਪੂਰਾ ਤਿਨ ਪਾਇਆ, ਜਿਨ ਧੁਰਿ ਮਸਤਕਿ ਲਿਖੇ ਲਿਲਾਟ ॥ ਜਨ ਨਾਨਕ ਰਸੁ ਅੰਮ੍ਰਿਤੁ ਪੀਆ, ਸਭ ਲਾਥੀ ਭੂਖ ਤਿਖਾਟ ॥੪॥੬॥ਛਕਾ ੧ ॥ ਹੇ ਮੇਰੇ ਮਨ! ਹਰੀ ਦਾ ਭਜਨ ਕਰ, ਜੋ ਸਾਰੇ ਪਾਪ ਕੱਟ ਦੇਣ ਵਾਲਾ ਹੈ।ਪੂਰੇ ਗੁਰੂ ਨੇ ਹਰੀ ਦਾ ਨਾਮ (ਮੇਰੇ) ਹਿਰਦੇ ਵਿਚ ਟਿਕਾ ਦਿਤਾ, (ਅਜੇਹੇ) ਗੁਰੂ ਦੇ ਰਸਤੇ ਤੇ ਮੇਰਾ ਸਿਰ ਭੇਟਾ ਕੀਤਾ ਜਾਵੇ।੧।ਰਹਾਉ।(ਹੇ ਭਾਈ! ਜਿਹੜਾ ਮਨੁੱਖ) ਮੈਨੂੰ ਮੇਰੇ ਹਰੀ ਪ੍ਰਭੂ ਦੀ ਕੋਈ ਗੱਲ ਸੁਣਾਵੇ, ਮੈਂ ਉਸ ਨੂੰ ਅਪਣਾ ਮਨ ਕੱਟ ਕੱਟ ਕੇ ਭੇਟਾ ਕਰ ਦੇਵਾਂ (ਮਨ ਗੁਰੂ ਦੇ ਭੇਟਾ ਕਰ ਦੇਵਾਂ)।ਪੂਰੇ ਗੁਰੂ ਨੇ ਮੈਨੂੰ ਹਰੀ ਸੱਜਣ ਮਿਲਾਇਆ ਹੈ, ਗੁਰੂ ਦੇ ਬਚਨਾਂ ਲਈ ਮੈਂ (ਸੰਸਾਰ ਵੱਲੋਂ) ਹਟ ਕੇ (ਗੁਰੂ ਦੀ ਸਤਸੰਗਤ ਰੂਪ) ਹੱਟੀ ਵਿਚ ਬਿਕ ਗਿਆ ਹਾਂ (ਗੁਰੂ ਦਾ ਗੁਲਾਮ ਬਣ ਗਿਆ ਹਾਂ); ਗੁਰੂ ਦੇ ਬਚਨਾਂ ਲਈ ਮੈਂ ਹੱਟੀ ਹੱਟੀ ਵਿਕਿਆ ਹਾਂ (ਸ਼ਬਦਾਰਥ)।੧।(ਹੇ ਭਾਈ! ਭਾਵੇਂ ਕਿਸੇ ਮਨੁੱਖ ਨੇ) ਮਾਘ ਮਹੀਨੇ ਵਿਚ ਪ੍ਰਯਾਗ ਤੀਰਥ ਉਤੇ ਜਾ ਕੇ ਬਹੁਤ ਦਾਨ ਕੀਤਾ, (ਜਾਂ ਕਾਂਸ਼ੀ ਜਾ ਕੇ ਅਪਣੇ) ਸਰੀਰ ਨੂੰ ਕਲਵਤ੍ਰ ਆਰੇ ਤੇ ਅਧਵਾਟਿਓਂ ਕਟਵਾ ਦਿਤਾ।(ਅਤੇ ਭਾਵੇਂ ਕਿਸੇ ਮਨੁੱਖ ਵੱਲੋਂ ਤੀਰਥਾਂ ਤੇ ਜਾ ਕੇ) ਬਹੁਤ ਸਾਰਾ ਸੋਨਾ ਕੱਟ ਕੱਟ (ਥੋੜਾ ਥੋੜਾ ਕਰ) ਕੇ ਦਾਨ ਦਿਤਾ ਜਾਵੇ, (ਇਹ ਸਭ ਕਰਮ ਬਿਅਰਥ ਹਨ), ਹਰੀ ਦੇ ਨਾਮ ਤੋਂ ਬਿਨਾ ਕੋਈ ਮਨੁੱਖ ਮੁਕਤੀ ਨਹੀਂ ਪਾ ਸਕਦਾ।੨।(ਜਦ ਮੈਂ) ਗੁਰੂ ਦੀ ਸਿੱਖਿਆ ਲੈ ਕੇ ਹਰੀ ਦੀ ਸਿਫਤ ਸਲਾਹ ਕੀਤੀ ਅਤੇ ਜਸ ਗਾਇਆ, ਤਾਂ ਮਨ ਵਿਚ ਛਲ ਦੇ ਤਖਤੇ ਖੁਲ੍ਹ ਗਏ (ਕਪਟ ਦਾ ਵਿਕਾਰ ਦੂਰ ਹੋ ਗਿਆ।ਹਰੀ ਦਾ ਜਸ ਕੀਤਿਆਂ) ਤ੍ਰਿੰਨ ਗੁਣਾਂ ਦੀ ਗੁੰਝਲ ਤੋੜ ਕੇ (ਹਿਰਦੇ ਅੰਦਰੋਂ) ਭਰਮ ਤੇ ਡਰ ਦੌੜ ਗਿਆ ਅਤੇ ਲੋਕ ਲਾਜ ਰੂਪ ਕੱਚੀ ਮਟਕੀ ਛੇਤੀ ਹੀ ਟੁੱਟ ਗਈ।੩।(ਹੇ ਭਾਈ!) ਕਲਜੁਗ ਵਿਚ ਪੂਰਾ ਗੁਰੂ ਉਨ੍ਹਾਂ ਮਨੁੱਖਾਂ ਨੇ ਪਾਇਆ ਹੈ, ਜਿਨ੍ਹਾਂ ਦੇ ਮੱਥੇ ਉਤੇ ਧੁਰ ਤੋਂ ਚੰਗੇ ਲੇਖ ਲਿਖੇ ਹੋਏ ਹਨ।ਦਾਸ ਨਾਨਕ ਆਖਦਾ ਹੈ ਕਿ (ਜਿਸ ਮਨੁੱਖ ਨੇ) ਅੰਮ੍ਰਿਤ ਮਈ ਨਾਮ ਦਾ ਰਸ ਪੀਤਾ ਹੈ, (ਉਸ ਦੀ) ਸਾਰੀ ਭੁੱਖ ਤੇ ਪਿਆਸ ਲਹਿ ਗਈ ਹੈ।੪।੬।ਛਕਾ ੧।

ਪਦਾਰਥ = ਮਨ-ਹੇ ਮਨ!।ਭਜੁ-ਭਜਨ ਕਰ।ਕਿਲਬਿਖ-ਪਾਪ।ਕਾਟ-ਕੱਟ ਦੇਣ ਵਾਲਾ ਹੈ।ਉਰ-ਹਿਰਦੇ ਵਿਚ।ਧਾਰਿਓ-ਟਿਕਾ ਦਿਤਾ ਹੈ।ਗੁਰਿ ਪੂਰੈ-ਪੂਰੇ ਗੁਰੂ ਨੇ।ਸੀਸੁ-ਸਿਰ।ਕੀਜੈ-ਕੀਤਾ ਜਾਵੇ।ਵਾਟ-ਰਸਤਾ।੧।ਰਹਾਉ।ਮੈ-ਮੈਨੂੰ।ਬਾਤ-ਸਿਫਤ ਸਲਾਹ ਦੀ ਗੱਲ।ਤਿਸੁ-ਉਸ ਨੂੰ।ਦੇਵਉ-ਦੇ ਦੇਵਾਂ।ਕਟਿ ਕਾਟ-ਕੱਟ ਕੱਟ ਕੇ।ਮੇਲਿਓ-ਮਿਲਾਇਆ।ਬਚਨਿ-ਬਚਨਾਂ ਲਈ।ਬਿਕਾਨੋ-ਵਿਕ ਗਿਆ ਹਾਂ।ਹਟਿ-ਹਟ ਕੇ।ਹਟਿ ਹਾਟ-ਹੱਟੀ ਹੱਟੀ ਤੇ।੧।ਮਕਰ-ਮਾਘ ਦੇ ਮਹੀਨੇ ਵਿਚ।ਪ੍ਰਾਗਿ-ਪ੍ਰਯਾਗ ਤੀਰਥ ਉਤੇ।ਬਹੁ -ਬਹੁਤ।ਕੀਆ-ਕੀਤਾ।ਦੀਓ ਅਧ ਕਾਟਿ-ਅਧਵਾਟਿਓਂ ਕਟਵਾ ਦਿਤਾ।ਕੋ-ਕੋਈ।ਕੰਚਨੁ-ਸੋਨਾ।ਦੀਜੈ-ਦਿਤਾ ਜਾਵੇ।੨। ਕੀਰਤਿ-ਸਿਫਤ ਸਲਾਹ।ਗੁਰਮਤਿ-ਗੁਰੂ ਦੀ ਸਿੱਖਿਆ ਲੈ ਕੇ।ਮਨਿ-ਮਨ ਵਿਚ।ਉਘਰੇ-ਖੁਲ੍ਹ ਗਏ।ਕਪਟ-ਛਲ ਫਰੇਬ ਦੇ। ਕਪਾਟ-ਪੜਦੇ।ਤ੍ਰਿਕੁਟੀ-ਤ੍ਰਿੰਨ ਗੁਣਾਂ ਦੀ ਗੰਢ।ਫੋਰਿ-ਤੋੜ ਕੇ।ਭਉ-ਡਰ।ਭਾਗਾ-ਭੱਜ ਗਿਆ।ਲਜ-ਲਾਜ (ਸ਼ਰਮ)।ਭਾਨੀ-ਟੁੱਟ ਗਈ।ਮਟੁਕੀ -ਨਿੱਕਾ ਘੜਾ।ਮਾਟ-ਛੇਤੀ।੩।ਕਲਜੁਗਿ-ਕਲਜੁਗ ਵਿਚ।ਤਿਨ-ਉਨ੍ਹਾਂ ਨੇ।ਜਿਨ-ਜਿਨ੍ਹਾਂ ਦੇ।ਧੁਰਿ-ਧੁਰ ਤੋਂ। ਮਸਤਕਿ-ਮੱਥੇ ਉਤੇ ।ਲਿਲਾਟ-ਮੱਥੇ ਤੇ।ਪੀਆ-ਪੀਤਾ ਹੈ।ਲਾਥੀ-ਲਹਿ ਗਈ।ਤਿਖਾਟ-ਤਿਖਾ (ਪਿਆਸ)।੪।੬।

ਛਕਾ = (ਛੱਕਾ ਪੜ੍ਹੋ) ਗੁਰੂ ਗ੍ਰੰਥ ਸਾਹਿਬ ਵਿਚ ਛੇ ਅਸਟਪਦੀਆਂ ਜਾਂ ਛੇ ਛੰਤਾਂ ਦੇ ਜੋੜ ਨੂੰ ਛੱਕਾ ਲਿਖਿਆ ਹੈ।

ਮਾਲੀ ਗਉੜਾ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਰੇ ਮਨ, ਟਹਲ ਹਰਿ ਸੁਖ ਸਾਰ ॥ ਅਵਰ ਟਹਲਾ ਝੂਠੀਆ, ਨਿਤ ਕਰੈ ਜਮੁ ਸਿਰਿ ਮਾਰ ॥੧॥ਰਹਾਉ॥ ਜਿਨਾ ਮਸਤਕਿ ਲੀਖਿਆ, ਤੇ ਮਿਲੇ ਸੰਗਾਰ ॥ ਸੰਸਾਰੁ ਭਉਜਲੁ ਤਾਰਿਆ, ਹਰਿ ਸੰਤ ਪੁਰਖ ਅਪਾਰ ॥੧॥ ਨਿਤ ਚਰਨ ਸੇਵਹੁ ਸਾਧ ਕੇ, ਤਜਿ ਲੋਭ ਮੋਹ ਬਿਕਾਰ ॥ ਸਭ ਤਜਹੁ ਦੂਜੀ ਆਸੜੀ, ਰਖੁ ਆਸ ਇਕ ਨਿਰੰਕਾਰ ॥ ੨॥ ਇਕਿ ਭਰਮਿ ਭੂਲੇ ਸਾਕਤਾ, ਬਿਨੁ ਗੁਰ ਅੰਧ ਅੰਧਾਰ ॥ ਧੁਰਿ ਹੋਵਨਾ ਸੁ ਹੋਇਆ, ਕੋ ਨ ਮੇਟਣਹਾਰ ॥੩॥ ਅਗਮ ਰੂਪੁ ਗੋਬਿੰਦ ਕਾ, ਅਨਿਕ ਨਾਮ ਅਪਾਰ ॥ ਧਨੁ ਧੰਨੁ ਤੇ ਜਨ ਨਾਨਕਾ, ਜਿਨ ਹਰਿ ਨਾਮਾ ਉਰਿ ਧਾਰ ॥੪॥੧॥ ਹੇ ਮਨ! ਸ੍ਰੇਸਟ ਸੁਖ

ਹਰੀ ਦੀ ਸੇਵਾ ਭਗਤੀ ਵਿਚ ਹੈ। ਹੋਰ (ਦੇਵੀ ਦੇਵਤਿਆਂ ਦੀਆਂ) ਸੇਵਾਵਾਂ ਸਭ ਝੂਠੀਆਂ ਹਨ, (ਇਨ੍ਹਾਂ ਦੀ ਸੇਵਾ ਦੇ ਕਾਰਣ) ਜਮ ਹਰ ਰੋਜ ਸਿਰ ਉਤੇ ਮਾਰ ਕਰਦਾ ਹੈ।੧।ਰਹਾਉ।(ਹੇ ਭਾਈ! ਪ੍ਰਭੂ ਨੇ) ਜਿਨ੍ਹਾਂ ਮਨੁੱਖਾਂ ਦੇ ਮੱਥੇ ਤੇ (ਚੰਗਾ ਲੇਖ) ਲਿਖਿਆ ਹੈ, ਉਹ ਸਤਸੰਗਤ ਵਿਚ ਮਿਲੇ ਹਨ।(ਉਨ੍ਹਾਂ ਮਨੁੱਖਾਂ ਨੂੰ) ਬੇਅੰਤ ਤੇ ਸਰਬ ਵਿਆਪਕ ਹਰੀ ਦੇ ਸੰਤਾਂ ਨੇ ਸੰਸਾਰ ਸਮੁੰਦਰ ਤੋਂ ਤਾਰ ਦਿਤਾ ਹੈ।੧।(ਹੇ ਭਾਈ!) ਲੋਭ ਤੇ ਮੋਹ ਆਦਿਕ ਵਿਕਾਰ ਛਡ ਕੇ ਹਰ ਰੋਜ ਸਾਧ ਗੁਰੂ ਦੇ ਚਰਨਾਂ ਦੀ ਸੇਵਾ ਕਰੋ। ਅਤੇ ਸਾਰੀ ਦੂਜੀ ਆਸ ਛਡ ਦੇਵੋ, (ਕੇਵਲ) ਇਕ ਨਿਰੰਕਾਰ ਦੀ ਆਸ ਰੱਖੋ।੨। ਕਈ ਸਾਕਤ ਮਨੁੱਖ ਭਰਮ ਵਿਚ ਪੈ ਕੇ ਭੁੱਲੇ ਹੋਏ ਹਨ, ਗੁਰੂ ਤੋਂ ਬਿਨਾ (ਉਹ ਅਗਿਆਨਤਾ ਦੇ) ਹਨ੍ਹੇਰੇ ਕਰਕੇ ਅੰਨ੍ਹੇ ਹੋਏ ਪਏ ਹਨ।(ਪਰ ਇਨ੍ਹਾਂ ਦੇ ਵਸ ਵਿਚ ਕੁਛ ਨਹੀਂ, ਪ੍ਰਭੂ ਦੇ ਹੁਕਮ ਅਨੁਸਾਰ ਜੋ) ਹੋਣਾ ਹੁੰਦਾ ਹੈ, ਉਹ ਧੁਰ ਤੋਂ ਹੀ ਲਿਖਿਆ ਹੋਇਆ ਹੈ, (ਇਸ ਨੂੰ) ਕੋਈ ਵੀ ਮਨੁੱਖ ਮੇਟਣਵਾਲਾ ਨਹੀਂ ਹੈ।੩।(ਹੇ ਭਾਈ!) ਗੋਬਿੰਦ ਦਾ ਰੂਪ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ ਅਤੇ (ਉਸ) ਬੇਅੰਤ ਪ੍ਰਭੂ ਦੇ ਅਨੇਕਾਂ ਨਾਮ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ ਧੰਨ ਧੰਨ ਹਨ, ਜਿਨ੍ਹਾਂ ਨੇ ਹਰੀ ਦਾ ਨਾਮ ਅਪਣੇ ਹਿਰਦੇ ਵਿਚ ਟਿਕਾਇਆ ਹੈ।੪।੧।

ਪਦਾਰਥ = ਰੇ ਮਨ–ਹੇ ਮਨ!। ਟਹਲ–ਸੇਵਾ। ਸਾਰ–ਸ੍ਰੇਸ਼ਟ; ਅਸਲੀ। ਅਵਰ ਟਹਲਾ–ਹੋਰ ਸੇਵਾਵਾਂ। ਨਿਤ–ਸਦਾ; ਹਰ ਰੋਜ। ਸਿਰਿ–ਸਿਰ ਉਤੇ। ਕਰੈ ਮਾਰ–ਮਾਰ ਕਰਦਾ (ਸੱਟਾਂ ਮਾਰਦਾ) ਹੈ।੧।ਰਹਾਉ। ਜਿਨਾ–ਜਿਨ੍ਹਾਂ (ਮਨੁੱਖਾਂ) ਦੇ। ਮਸਤਕਿ–ਮੱਥੇ ਉਤੇ। ਤੇ –ਉਹ। ਸੰਗਾਰ–ਸਤਸੰਗਤ ਵਿਚ। ਸੰਸਾਰ ਭਉਜਲੁ–ਸੰਸਾਰ ਸਮੁੰਦਰ ਤੋਂ। ਹਰਿ ਸੰਤ–ਹਰੀ ਦੇ ਸੰਤਾਂ ਨੇ; ਸੰਤ ਰੂਪ ਹਰੀ ਨੇ। ਪੁਰਖ– ਸਰਬ ਵਿਆਪਕ। ਅਪਾਰ–ਬੇਅੰਤ।੧। ਸੇਵਹੁ–ਸੇਵਾ ਕਰੋ। ਸਾਧ ਕੇ–ਸਾਧ ਗੁਰੂ ਦੇ। ਤਜਿ–ਛਡ ਕੇ। ਤਜਹੁ–ਛਡ ਦਿਓ। ਆਸੜੀ– ਆਸ। ਰਖੁ–ਰੱਖੋ।੨। ਇਕਿ–ਕਈ ਮਨੁੱਖ। ਭਰਮਿ ਭੂਲੇ–ਭਰਮ ਵਿਚ ਪੈ ਕੇ ਭੁੱਲੇ (ਕੁਰਾਹੇ ਪਏ) ਹੋਏ ਹਨ। ਸਾਕਤਾ–ਰੱਬ ਤੋਂ ਬੇਮੁਖ ਹੋਏ ਮਨੁੱਖ। ਅੰਧ–ਅੰਨ੍ਹੇ। ਅੰਧਾਰ–ਹਨ੍ਹੇਰਾ। ਧੁਰਿ–ਧੁਰ ਤੋਂ। ਸੁ–ਉਹ। ਕੋ–ਕੋਈ। ਮੇਟਣਹਾਰ–ਮਿਟਾ ਦੇਣ ਵਾਲਾ।੩। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਰੂਪ–ਹਸਤੀ। ਅਪਾਰ–ਬੇਅੰਤ। ਤੇ ਜਨ–ਉਹ ਮਨੁੱਖ। ਉਰਿ–ਹਿਰਦੇ ਵਿਚ। ਧਾਰ– ਟਿਕਾਇਆ ਹੈ।੪।੧।

ਮਾਲੀ ਗਉੜਾ ਮਹਲਾ ੫ ॥ ਰਾਮ ਨਾਮ ਕਉ ਨਮਸਕਾਰ ॥ ਜਾਸੁ ਜਪਤ ਹੋਵਤ ਉਧਾਰ ॥੧॥ਰਹਾਉ॥ ਜਾ ਕੈ ਸਿਮਰਨਿ ਮਿਟਹਿ ਧੰਧ ॥ ਜਾ ਕੈ ਸਿਮਰਨਿ ਛੂਟਹਿ ਬੰਧ ॥ ਜਾ ਕੈ ਸਿਮਰਨਿ ਮੂਰਖ ਚਤੁਰ ॥ ਜਾ ਕੈ ਸਿਮਰਨਿ ਕੁਲਹ ਉਧਰ ॥੧॥ ਜਾ ਕੈ ਸਿਮਰਨਿ ਭਉ ਦੁਖ ਹਰੈ ॥ ਜਾ ਕੈ ਸਿਮਰਨਿ ਅਪਦਾ ਟਰੈ ॥ ਜਾ ਕੈ ਸਿਮਰਨਿ ਮੁਚਤ ਪਾਪ ॥ ਜਾ ਕੈ ਸਿਮਰਨਿ ਨਹੀਂ ਸੰਤਾਪ ॥੨॥ ਜਾ ਕੈ ਸਿਮਰਨਿ ਰਿਦ ਬਿਗਾਸ ॥ ਜਾ ਕੈ ਸਿਮਰਨਿ ਕਵਲਾ ਦਾਸਿ ॥ ਜਾ ਕੈ ਸਿਮਰਨਿ ਨਿਧਿ ਨਿਧਾਨ ॥ ਜਾ ਕੈ ਸਿਮਰਨਿ ਤਰੇ ਨਿਦਾਨ ॥੩॥ ਪਤਿਤ ਪਾਵਨੁ ਨਾਮੁ ਹਰੀ ॥ ਕੋਟਿ ਭਗਤ ਉਧਾਰੁ ਕਰੀ ॥ ਹਰਿ ਦਾਸ ਦਾਸਾ ਦੀਨੁ ਸਰਨ ॥ ਨਾਨਕ ਮਾਥਾ ਸੰਤ ਚਰਨ ॥੪ ॥੨॥(ਹੇ ਭਾਈ! ਉਸ) ਪ੍ਰਭੂ ਦੇ ਨਾਮ ਨੂੰ ਨਮਸ਼ਕਾਰ ਹੈ, ਜਿਸ ਨੂੰ ਜਪਦਿਆਂ (ਭਵਜਲ ਤੋਂ) ਪਾਰ ਉਤਾਰਾ ਹੁੰਦਾ ਹੈ।੧।ਰਹਾਉ। ਜਿਸ ਪ੍ਰਭੂ ਦੇ ਸਿਮਰਨ ਨਾਲ (ਦੁਨੀਆਂ ਦੇ) ਧੰਧੇ ਮਿਟ ਜਾਂਦੇ ਹਨ। ਜਿਸ ਦੇ ਸਿਮਰਨ ਨਾਲ (ਸਾਰੇ ਦੁਨਿਆਵੀ) ਬੰਧਨ ਛੁਟ ਜਾਂਦੇ ਹਨ। ਜਿਸ ਦੇ ਸਿਮਰਨ ਨਾਲ ਮੂਰਖ ਵੀ ਸਿਆਣੇ ਹੋ ਜਾਂਦੇ ਹਨ। ਜਿਸ ਦੇ ਸਿਮਰਨ ਨਾਲ (ਸਾਰੀਆਂ) ਕੁਲਾਂ ਦਾ (ਭਵਜਲ ਤੋਂ) ਪਾਰ ਉਤਾਰਾ ਹੋ ਜਾਂਦਾ ਹੈ (ਉਸ ਪ੍ਰਭੂ ਨੂੰ ਸਦਾ ਨਮਸ਼ਕਾਰ ਹੈ)।੧।(ਹੇ ਭਾਈ!) ਜਿਸ ਪ੍ਰਭੂ ਦੇ ਸਿਮਰਨ ਨਾਲ (ਸਾਰੇ ਕਿਸਮ ਦੇ) ਡਰ ਅਤੇ ਦੁੱਖ ਦੂਰ ਹੁੰਦੇ ਹਨ। ਜਿਸ ਦੇ ਸਿਮਰਨ ਨਾਲ ਬਿਪਤਾ ਟਲ ਜਾਂਦੀ ਹੈ। ਜਿਸ ਦੇ ਸਿਮਰਨ ਨਾਲ ਸਾਰੇ ਪਾਪ ਕੱਟੇ ਜਾਂਦੇ ਹਨ। ਜਿਸ ਦੇ ਸਿਮਰਨ ਨਾਲ ਦੁਖ ਕਲੇਸ਼ ਨਹੀਂ ਲਗਦੇ (ਉਸ ਪ੍ਰਭੂ ਨੂੰ ਨਮਸ਼ਕਾਰ ਹੈ)।੨।(ਹੇ ਭਾਈ!) ਜਿਸ ਪ੍ਰਭੂ ਦੇ ਸਿਮਰਨ ਨਾਲ ਹਿਰਦਾ ਖਿੜ ਜਾਂਦਾ ਹੈ। ਜਿਸ ਦੇ ਸਿਮਰਨ ਨਾਲ ਮਾਇਆ ਦਾਸੀ ਬਣ ਜਾਂਦੀ ਹੈ {ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ੨੩੧}। ਜਿਸ ਦੇ ਸਿਮਰਨ ਨਾਲ ਨੌਂ ਨਿਧੀਆਂ ਦੇ ਖਜਾਨੇ ਮਿਲ ਜਾਂਦੇ ਹਨ। ਜਿਸ ਦੇ ਸਿਮਰਨ ਨਾਲ ਅੰਤ ਵੇਲੇ (ਮਨੁੱਖ ਭਵਜਲ ਤੋਂ) ਤਰ ਜਾਂਦਾ ਹੈ (ਉਸ ਪ੍ਰਭੂ ਨੂੰ ਸਦਾ ਨਮਸ਼ਕਾਰ ਹੈ)।੩।(ਹੇ ਭਾਈ!) ਹਰੀ ਦਾ ਨਾਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ।(ਹਰੀ ਦੇ ਨਾਮ ਨੇ) ਕ੍ਰੋੜਾਂ ਭਗਤਾਂ ਦਾ ਉਧਾਰ ਕੀਤਾ ਹੈ। ਨਾਨਕ ਦਾ ਮੱਥਾ ਸੰਤਾਂ ਦੇ ਚਰਨਾਂ ਉਤੇ ਪਿਆ ਹੈ ਅਤੇ ਮੈਂ (ਨਾਨਕ) ਨਿਮਾਣਾ ਪ੍ਰਭੂ ਦੇ ਦਾਸਾਂ ਦੇ ਦਾਸਾਂ ਦੀ ਸ਼ਰਨ ਵਿਚ ਆਇਆ ਹਾਂ (ਤਾਂ ਕਿ ਨਾਨਕ ਵੀ ਹਰੀ ਦਾ ਨਾਮ ਜਪਦਾ ਰਹੇ) ।੪।੨।

ਪਦਾਰਥ = ਰਾਮ–ਸਰਬ ਵਿਆਪਕ ਪ੍ਰਭੂ। ਕਉ–ਨੂੰ। ਜਾਸੁ ਜਪਤ–ਜਿਸ ਨੂੰ ਜਪਦਿਆਂ। ਹੋਵਤ–ਹੁੰਦਾ ਹੈ। ਉਧਾਰ–(ਭਵਜਲ ਤੋਂ) ਪਾਰ ਉਤਾਰਾ।੧।ਰਹਾਉ। ਜਾ ਕੈ ਸਿਮਰਨਿ–ਜਿਸ ਸੇ ਸਿਮਰਨ ਨਾਲ। ਮਿਟਹਿ–ਮਿਟ ਜਾਂਦੇ ਹਨ। ਧੰਧ–ਧੰਧੇ (ਜੰਜਾਲ)। ਬੰਧ–

ਬੰਧਨ। ਚਤੁਰ-ਸਿਆਣਾ (ਸਮਝਦਾਰ)। ਕੁਲਹ ਉਧਰ-ਸਾਰੀ ਕੁਲ ਦਾ ਪਾਰ ਉਤਾਰਾ।੧। ਭਉ-ਡਰ। ਹਰੈ-ਦੂਰ ਹੁੰਦੇ ਹਨ। ਅਪਦਾ ਟਰੈ-ਬਿਪਤਾ ਟਲ ਜਾਂਦੀ ਹੈ। ਮੁਚਤ-ਕੱਟੇ ਜਾਂਦੇ ਹਨ। ਸੰਤਾਪ-ਦੁਖ ਕਲੇਸ਼।੨। ਰਿਦ-ਹਿਰਦਾ। ਬਿਗਾਸ-ਖਿੜ ਜਾਂਦਾ ਹੈ। ਦਾਸਿ-ਦਾਸੀ। ਕਵਲਾ-ਮਾਇਆ। ਨਿਧਿ ਨਿਧਾਨ-ਨੌਂ ਨਿਧੀਆਂ ਦਾ ਖਜਾਨਾ। ਤਰੇ-ਤਰ ਜਾਂਦਾ ਹੈ। ਨਿਦਾਨ-ਅੰਤ ਵੇਲੇ।੩। ਪਤਿਤ-ਪਾਪੀਆਂ ਨੂੰ। ਪਾਵਨੁ-ਪਵਿਤ੍ਰ ਕਰਨ ਵਾਲਾ। ਕੋਟਿ-ਕ੍ਰੋੜਾਂ। ਕਰੀ-ਕੀਤਾ ਹੈ। ਦੀਨੁ-ਨਿਮਾਣਾ। ਮਾਥਾ-ਮੱਥਾ ।੪।੨।

ਮਾਲੀ ਗਉੜਾ ਮਹਲਾ ੫ ॥ ਐਸੋ ਸਹਾਈ ਹਰਿ ਕੋ ਨਾਮ ॥ ਸਾਧ ਸੰਗਤਿ ਭਜੁ ਪੂਰਨ ਕਾਮ ॥੧॥ਰਹਾਉ॥ (ਹੇ ਭਾਈ! ਤੂੰ) ਸਾਧ ਸੰਗਤ ਵਿਚ ਮਿਲ ਕੇ ਪ੍ਰਭੂ ਦਾ ਭਜਨ ਕਰ, (ਤੇਰੇ ਸਾਰੇ) ਕੰਮ ਪੂਰੇ ਹੋਣਗੇ। ਪ੍ਰਭੂ ਦਾ ਨਾਮ ਇਹੋ ਜਿਹਾ ਸਹਾਈ ਹੈ।੧। ਰਹਾਉ।

ਅੰਗ ੯੮੭ = ਬੂਡਤ ਕਉ ,ਜੈਸੇ ਬੇੜੀ ਮਿਲਤ ॥ ਬੂਝਤ ਦੀਪਕ, ਮਿਲਤ ਤਿਲਤ ॥ ਜਲਤ ਅਗਨੀ, ਮਿਲਤ ਨੀਰ ॥ ਜੈਸੇ ਬਾਰਿਕ ਮੁਖਹਿ ਖੀਰ ॥੧॥ ਜੈਸੇ ਰਣ ਮਹਿ, ਸਖਾ ਭ੍ਰਾਤ ॥ ਜੈਸੇ ਭੂਖੇ, ਭੋਜਨ ਮਾਤ ॥ ਜੈਸੇ ਕਿਰਖਹਿ, ਬਰਸ ਮੇਘ ॥ ਜੈਸੇ ਪਾਲਨ ਸਰਨਿ ਸੇਂਘ ॥੨॥ ਗਰੁੜ ਮੁਖਿ, ਨਹੀ ਸਰਪ ਤ੍ਰਾਸ ॥ ਸੂਆ ਪਿੰਜਰਿ, ਨਹੀ ਖਾਇ ਬਿਲਾਸੁ ॥ ਜੈਸੋ ਆਂਡੋ ਹਿਰਦੇ ਮਾਹਿ ॥ ਜੈਸੋ ਦਾਨੋ, ਚਕੀ ਦਰਾਹਿ ॥੩॥ ਬਹੁਤੁ ਓਪਮਾ, ਥੋਰ ਕਹੀ ॥ ਹਰਿ ਅਗਮ ਅਗਮ ਅਗਾਧਿ ਤੁਹੀ ॥ ਊਚ ਮੂਚੌ ਬਹੁ ਅਪਾਰ ॥ ਸਿਮਰਤ ਨਾਨਕ ਤਰੇ ਸਾਰ ॥੪॥੩॥ (ਹਰੀ ਦਾ ਨਾਮ ਕਿਵੇਂ ਸਹਾਈ ਹੁੰਦਾ ਹੈ, ਇਸ ਉਤੇ ਗੁਰੂ ਜੀ ਕੁਝ ਦ੍ਰਿਸ਼ਟਾਂਤ ਦੇਂਦੇ ਹਨ। ਦਰਿਆ ਵਿਚ) ਡੁਬਦੇ ਮਨੁੱਖ ਨੂੰ ਜਿਸ ਤਰ੍ਹਾਂ ਬੇੜੀ ਮਿਲ ਜਾਵੇ (ਤਾਂ ਉਹ ਡੁਬਣ ਤੋਂ ਬਚ ਜਾਂਦਾ ਹੈ)। ਜਿਵੇਂ ਬੁਝ ਰਹੇ ਦੀਵੇ ਨੂੰ ਤੇਲ ਮਿਲ ਜਾਣ ਨਾਲ ਮੁੜ ਜਗਦਾ ਰਹਿ ਜਾਂਦਾ ਹੈ। ਜਿਵੇਂ ਜਲਦੀ ਅੱਗ ਪਾਣੀ ਮਿਲ ਜਾਣ ਤੇ ਬੁਝ ਜਾਂਦੀ ਹੈ। ਜਿਵੇਂ (ਭੁੱਖ ਨਾਲ ਰੋ ਰਹੇ) ਬੱਚੇ ਦੇ ਮੂੰਹ ਵਿਚ ਦੁੱਧ ਮਿਲ ਜਾਵੇ (ਤਾਂ ਉਸ ਦੀ ਭੁੱਖ ਮਿਟ ਜਾਂਦੀ ਹੈ)।੧। ਜਿਸ ਤਰ੍ਹਾਂ ਜੰਗ ਵਿਚ ਭਰਾ ਸਹਾਈ ਹੁੰਦਾ ਹੈ। ਜਿਸ ਤਰ੍ਹਾਂ ਭੁੱਖੇ ਮਨੁੱਖ ਨੂੰ ਕੇਵਲ ਭੋਜਨ ਮਿਲ ਜਾਵੇ। ਜਿਸ ਤਰ੍ਹਾਂ ਬੱਦਲ ਵਰਸਦਾ ਹੈ, ਤਾਂ ਖੇਤੀ ਨੂੰ ਅਨੰਦ ਹੁੰਦਾ ਹੈ। ਜਿਸ ਤਰ੍ਹਾਂ ਸ਼ੇਰ (ਬਹਾਦਰ ਮਨੁੱਖ ਦੀ) ਸਰਨ ਵਿਚ ਪਾਲਣਾ (ਕਮਜੋਰ ਮਨੁੱਖ ਦੀ ਰੱਖਿਆ) ਹੁੰਦੀ ਹੈ (ਇਸੇ ਤਰ੍ਹਾਂ ਪ੍ਰਭੂ ਦਾ ਨਾਮ ਸਹਾਈ ਹੁੰਦਾ ਹੈ)।੨। (ਜਿਵੇਂ ਜਿਸ ਮਨੁੱਖ ਦੇ) ਮੂੰਹ ਵਿਚ ਗਰੁੜ ਮੰਤ੍ਰ ਹੋਵੇ, (ਉਸ ਨੂੰ) ਸੱਪ ਦਾ ਡਰ ਨਹੀਂ ਹੁੰਦਾ। ਜਿਵੇਂ ਤੋਤਾ ਪਿੰਜਰੇ ਵਿਚ ਹੋਵੇ, (ਤਾਂ ਉਸ ਨੂੰ) ਬਿੱਲਾ ਨਹੀਂ ਖਾ ਸਕਦਾ {ਤੂੰ ਪਿੰਜਰੁ ਹਉ ਸੂਅਟਾ ਤੋਰ। ਜਮੁ ਮੰਜਾਰੁ ਕਹਾ ਕਰੈ ਮੋਰ ੩੨੩}। ਜਿਵੇਂ ਕੂੰਜ ਆਂਡਿਆਂ ਨੂੰ ਅਪਣੇ ਹਿਰਦੇ ਵਿਚ ਸਿਮਰਦੀ ਰਹਿੰਦੀ ਹੈ (ਕੂੰਜ ਦੀ ਗੈਰ ਹਾਜਰੀ ਵਿਚ ਆਂਡਿਆਂ ਦਾ ਨੁਕਸਾਨ ਨਹੀਂ ਹੁੰਦਾ)। ਜਿਵੇਂ ਦਾਣੇ ਚੱਕੀ ਦੇ ਦਰ ਤੇ (ਕਿੱਲੀ ਨਾਲ ਲਗੇ ਹੋਏ ਪੀਸਣ ਤੋਂ) ਬਚੇ ਰਹਿੰਦੇ ਹਨ (ਇਸੇ ਤਰ੍ਹਾਂ ਪ੍ਰਭੂ ਦਾ ਨਾਮ ਸਹਾਈ ਹੁੰਦਾ ਹੈ)।੩। (ਹੇ ਭਾਈ! ਹਰੀ ਦੇ ਨਾਮ ਦੀ) ਉਪਮਾ ਦੇ ਦ੍ਰਿਸ਼ਟਾਂਤ ਤਾਂ ਬਹੁਤ ਹਨ, ਪਰ ਮੈਂ ਥੋੜੇ ਕਥਨ ਕੀਤੇ ਹਨ। ਹੇ ਹਰੀ! ਤੂੰ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈਂ, ਤੂੰ ਅਥਾਹ ਹੈਂ। ਤੂੰ ਉਚਾ ਹੈਂ, ਬਹੁਤ ਵੱਡਾ ਹੈਂ ਅਤੇ ਬੇਅੰਤ ਹੈਂ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਨਾਮ ਸਿਮਰਦਿਆਂ ਲੋਹੇ ਵਾਂਗ (ਪਾਪਾਂ ਕਰ ਕੇ) ਭਾਰੇ ਮਨੁੱਖ ਵੀ ਸੰਸਾਰ ਸਮੁੰਦਰ ਤੋਂ ਤਰ (ਪਾਰ ਲੰਘ) ਗਏ ਹਨ।੪।੩।

ਪਦਾਰਥ = ਐਸੋ-ਇਹੋ ਜਿਹਾ। ਸਹਾਈ-ਸਹਾਇਤਾ ਕਰਨ ਵਾਲਾ। ਕੋ-ਦਾ। ਭਜੁ-ਭਜਨ ਕਰ। ਕਾਮ-ਕੰਮ।੧। ਰਹਾਉ। ਡੂਬਤ ਕਉ-ਡੁਬਦੇ ਨੂੰ। ਦੀਪਕ-ਦੀਵਾ। ਤਿਲਤ-ਤੇਲ। ਜਲਤ ਅਗਨੀ-ਜਲ ਰਹੀ ਅੱਗ। ਨੀਰ-ਪਾਣੀ। ਬਾਰਿਕ ਮੁਖਹਿ-ਬੱਚੇ ਦੇ ਮੂੰਹ ਵਿਚ। ਖੀਰ-ਦੁੱਧ।੧। ਰਣ ਮਹਿ-ਜੁੱਧ ਵਿਚ। ਸਖਾ-ਸਹਾਈ। ਭ੍ਰਾਤ-ਭਰਾ। ਮਾਤ-ਕੇਵਲ; ਥੋੜਾ ਜਿਹਾ; ਮਾਂ ਪਾਸੋਂ। ਕਿਰਖਹਿ-ਖੇਤੀ ਨੂੰ। ਬਰਸ ਮੇਘ-ਬੱਦਲ ਵਰ੍ਹਦਾ ਹੈ। ਪਾਲਨ-ਰੱਖਿਆ। ਸਰਨਿ-ਸ਼ਰਨ ਵਿਚ। ਸੇਂਘ-ਸਿੰਘ (ਸ਼ੇਰ; ਬਹਾਦਰ)।੨। ਗਰੁੜ-ਗਰੁੜ ਮੰਤ੍ਰ। ਮੁਖਿ-ਮੂੰਹ ਵਿਚ। ਸਰਪ-ਸੱਪ। ਤ੍ਰਾਸ-ਡਰ। ਸੂਆ-ਤੋਤਾ। ਪਿੰਜਰਿ-ਪਿੰਜਰੇ ਵਿਚ। ਬਿਲਾਸੁ-ਬਿੱਲਾ। ਆਂਡੋ-(ਕੂੰਜ ਦਾ) ਆਂਡਾ। ਮਾਹਿ-ਵਿਚ। ਦਾਨੋ-ਦਾਣੇ। ਚਕੀ ਦਰਾਹਿ-ਚੱਕੀ ਦੇ ਦਰ ਤੇ; ਚੱਕੀ ਦੇ ਦਰਮਿਆਨ।੩। ਓਪਮਾ-ਉਪਮਾ; ਦ੍ਰਿਸ਼ਟਾਂਤ। ਥੋਰ-ਥੋੜੇ। ਕਹੀ-ਆਖੇ ਹਨ। ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗਾਧਿ-ਅਥਾਹ। ਤੁਹੀ-ਤੂੰ ਹੀ। ਮੂਚੌ ਬਹੁ-ਬਹੁਤ ਵੱਡਾ। ਅਪਾਰ-ਬੇਅੰਤ। ਸਿਮਰਤ-ਸਿਮਦਿਆਂ। ਤਰੇ-(ਭਵਜਲ ਤੋਂ) ਤਰ ਗਏ ਹਨ। ਸਾਰ-ਲੋਹੇ ਵਾਂਗ ਭਾਰੇ (ਮਨੁੱਖ)।੪।੩।

ਮਾਲੀ ਗਉੜਾ ਮਹਲਾ ੫ ॥ ਇਹੀ ਹਮਾਰੈ ਸਫਲ ਕਾਜ ॥ ਅਪੁਨੇ ਦਾਸ ਕਉ ਲੇਹੁ ਨਿਵਾਜਿ ॥੧॥ਰਹਾਉ॥ ਚਰਨ ਸੰਤਹ ਮਾਥ ਮੋਰ ॥ ਨੈਨਿ ਦਰਸੁ ਪੇਖਉ ਨਿਸਿ ਭੋਰ ॥ ਹਸਤ ਹਮਰੇ ਸੰਤ ਟਹਲ ॥ ਪ੍ਰਾਨ ਮਨੁ ਧਨੁ ਸੰਤ ਬਹਲ ॥੧॥ ਸੰਤ ਸੰਗਿ ਮੇਰੇ ਮਨ ਕੀ ਪ੍ਰੀਤਿ ॥ ਸੰਤ ਗੁਨ ਬਸਹਿ ਮੇਰੈ ਚੀਤਿ ॥ ਸੰਤ ਆਗਿਆ ਮਨਹਿ ਮੀਠ ॥ ਮੇਰਾ ਕਮਲੁ ਬਿਗਸੈ ਸੰਤ ਡੀਠ ॥੨॥ ਸੰਤ ਸੰਗਿ

ਮੇਰਾ ਹੋਇ ਨਿਵਾਸੁ ॥ ਸੰਤਨ ਕੀ ਮੋਹਿ ਬਹੁਤੁ ਪਿਆਸ ॥ ਸੰਤ ਬਚਨ ਮੇਰੇ ਮਨਹਿ ਮੰਤ ॥ ਸੰਤ ਪ੍ਰਸਾਦਿ ਮੇਰੇ ਬਿਖੈ ਹੰਤ ॥੩॥ ਮੁਕਤਿ ਜੁਗਤਿ ਏਹਾ ਨਿਧਾਨ ॥ ਪ੍ਰਭ ਦਇਆਲ ਮੋਹਿ ਦੇਵਹੁ ਦਾਨ ॥ ਨਾਨਕ ਕਉ ਪ੍ਰਭ ਦਇਆ ਧਾਰਿ ॥ ਚਰਨ ਸੰਤਨ ਕੇ, ਮੇਰੇ ਰਿਦੇ ਮਝਾਰਿ ॥੪॥੪॥ (ਹੇ ਪ੍ਰਭੂ!) ਮੇਰੇ ਲਈ ਇਹੀ ਸਫਲ ਕੰਮ ਹੈ ਕਿ ਅਪਣੇ ਦਾਸ (ਨਾਨਕ) ਨੂੰ ਵਡਿਆ ਲਵੋ।੧। ਰਹਾਉ।(ਹੇ ਪ੍ਰਭੂ! ਮੇਹਰ ਕਰ) ਮੇਰਾ ਮੱਥਾ ਸੰਤਾਂ ਦੇ ਚਰਨਾਂ ਉਤੇ ਪਿਆ ਰਹੇ।ਮੈਂ ਦਿਨ ਰਾਤ ਅੱਖਾਂ ਨਾਲ ਤੇਰੇ ਸੰਤਾਂ ਦਾ ਦਰਸ਼ਨ ਦੇਖਦਾ ਰਹਾਂ।ਮੇਰੇ ਹੱਥ ਸੰਤਾਂ ਦੀ ਟਹਿਲ ਕਰਦੇ ਰਹਿਣ।ਮੇਰੇ ਪ੍ਰਾਣ, ਮੇਰਾ ਮਨ ਤੇ ਮੇਰਾ ਧਨ ਸੰਤਾਂ ਅੱਗੇ ਭੇਟਾ ਹੁੰਦਾ ਰਹੇ।੧।(ਹੇ ਪ੍ਰਭੂ! ਤੇਰੇ) ਸੰਤਾਂ ਨਾਲ ਮੇਰੇ ਮਨ ਦੀ ਪ੍ਰੀਤੀ ਬਣੀ ਰਹੇ।ਸੰਤਾਂ ਦੇ ਗੁਣ ਮੇਰੇ ਚਿੱਤ ਵਿਚ ਵਸ ਜਾਣ।ਸੰਤਾਂ ਦੀ ਆਗਿਆ ਮੇਰੇ ਮਨ ਵਿਚ ਮਿੱਠੀ ਲੱਗੇ।ਸੰਤਾਂ ਨੂੰ ਦੇਖ ਕੇ ਮੇਰਾ ਹਿਰਦਾ ਕਮਲ ਖਿੜਿਆ ਰਹੇ।੨।(ਹੇ ਪ੍ਰਭੂ! ਮੇਹਰ ਕਰ, ਤੇਰੇ) ਸੰਤਾਂ ਦੀ ਸੰਗਤਿ ਵਿਚ ਮੇਰਾ ਨਿਵਾਸ ਹੋਵੇ।ਸੰਤਾਂ ਦੇ ਦਰਸ਼ਨ ਦੀ ਮੈਨੂੰ ਬਹੁਤ ਪਿਆਸ ਹੈ।ਸੰਤਾਂ ਦੇ ਬਚਨ ਮੇਰੇ ਮਨ ਨੂੰ ਵਸ ਕਰਨ ਵਾਲਾ ਮੰਤ੍ਰ ਹੈ।ਸੰਤਾਂ ਦੀ ਕ੍ਰਿਪਾ ਨਾਲ ਮੇਰੇ ਵਿਸ਼ੇ ਵਿਕਾਰ ਨਾਸ਼ ਹੋ ਜਾਣ।੩।(ਸੰਤਾਂ ਦੀ ਸੰਗਤ) ਇਹੋ ਮੁਕਤੀ ਦਾ ਤਰੀਕਾ ਤੇ ਸੁਖਾਂ ਦਾ ਖਜਾਨਾ ਹੈ।ਹੇ ਦਇਆ ਦੇ ਘਰ ਪ੍ਰਭੂ! ਮੈਨੂੰ (ਸੰਤਾਂ ਦੀ ਸੰਗਤ ਕਰਨ ਦਾ) ਦਾਨ ਦਿਓ ।ਹੇ ਪ੍ਰਭੂ! ਨਾਨਕ ਉਤੇ ਦਇਆ ਕਰ, (ਤਾਂ ਕਿ ਤੇਰੇ) ਸੰਤਾਂ ਦੇ ਚਰਨ ਮੇਰੇ ਹਿਰਦੇ ਵਿਚ ਵਸ ਜਾਣ।੪।੪।

ਪਦਾਰਥ = ਇਹੀ–ਇਹੋ ਹੀ।ਹਮਾਰੈ–ਮੇਰੇ ਲਈ।ਕਾਜ–ਕੰਮ; ਮਨੋਰਥ।ਕਉ–ਨੂੰ।ਲੇਹੁ ਨਿਵਾਜਿ–ਵਡਿਆ ਲਵੋ; ਮੇਹਰ ਕਰ। ੧।ਰਹਾਉ।ਸੰਤਹ–ਸੰਤਾਂ ਦੇ।ਮਾਥ–ਮੱਥਾ।ਮੋਰ–ਮੇਰਾ।ਨੈਨਿ–ਅੱਖਾਂ ਨਾਲ।ਪੇਖਉ–ਦੇਖਦਾ ਰਹਾਂ।ਨਿਸਿ–ਰਾਤ।ਭੋਰ–ਦਿਨ। ਹਸਤ–ਹੱਥ।ਟਹਲ–ਸੇਵਾ।ਸੰਤ ਬਹਲ–ਸੰਤਾਂ ਦੇ ਭੇਟਾ ਹੁੰਦਾ ਰਹੇ।੧।ਸੰਗਿ–ਨਾਲ; ਸੰਗਤ ਵਿਚ।ਮੇਰੈ ਚੀਤਿ–ਮੇਰੇ ਚਿੱਤ ਵਿਚ। ਮਨਹਿ–ਮਨ ਵਿਚ।ਮੀਠ–ਮਿੱਠੀ।ਕਮਲ–ਹਿਰਦਾ ਕੌਲ।ਬਿਗਸੈ–ਖਿੜਿਆ ਰਹੇ।ਡੀਠ–ਦੇਖ ਕੇ।੨।ਮੋਹਿ–ਮੈਨੂੰ।ਮਨਹਿ–ਮਨ ਵਿਚ।ਮੰਤ–ਮੰਤ੍ਰ।ਪ੍ਰਸਾਦਿ–ਕ੍ਰਿਪਾ ਨਾਲ।ਬਿਖੈ–ਵਿਸ਼ੇ ਵਿਕਾਰ।ਹੰਤ–ਨਾਸ਼ ਹੋ ਜਾਣ।੩।ਮੁਕਤਿ ਜੁਗਤਿ–ਮੁਕਤੀ ਦਾ ਤਰੀਕਾ। ਨਿਧਾਨ–ਖਜਾਨਾ।ਪ੍ਰਭ–ਹੇ ਪ੍ਰਭੂ!।ਰਿਦੇ ਮਝਾਰਿ–ਹਿਰਦੇ ਵਿਚ।੪।੪।

ਮਾਲੀ ਗਉੜਾ ਮਹਲਾ ੫ ॥ ਸਭ ਕੈ ਸੰਗੀ ਨਾਹੀ ਦੂਰਿ ॥ ਕਰਨ ਕਰਾਵਨ ਹਾਜਰਾ ਹਜੂਰਿ ॥੧॥ਰਹਾਉ॥ ਸੁਨਤ ਜੀਓ ਜਾਸੁ ਨਾਮੁ ॥ ਦੁਖ ਬਿਨਸੇ ਸੁਖ ਕੀਓ ਬਿਸ੍ਰਾਮੁ ॥ ਸਗਲ ਨਿਧਿ ਹਰਿ ਹਰਿ ਹਰੇ ॥ ਮੁਨਿ ਜਨ ਤਾ ਕੀ ਸੇਵ ਕਰੇ ॥੧॥ ਜਾ ਕੈ ਘਰਿ ਸਗਲੇ ਸਮਾਹਿ ॥ ਜਿਸ ਤੇ ਬਿਰਥਾ ਕੋਇ ਨਾਹਿ ॥ ਜੀਅ ਜੰਤ੍ਰ ਕਰੇ ਪ੍ਰਤਿਪਾਲ ॥ ਸਦਾ ਸਦਾ ਸੇਵਹੁ ਕਿਰਪਾਲ ॥੨॥ ਸਦਾ ਧਰਮੁ ਜਾ ਕੈ ਦੀਬਾਣਿ ॥ ਬੇ ਮੁਹਤਾਜ ਨਹੀ ਕਿਛੁ ਕਾਣਿ ॥ ਸਭ ਕਿਛੁ ਕਰਨਾ ਆਪਨ ਆਪਿ ॥ ਰੇ ਮਨ ਮੇਰੇ ਤੂ ਤਾ ਕਉ ਜਾਪਿ ॥੩॥ ਸਾਧ ਸੰਗਤਿ ਕਉ ਹਉ ਬਲਿਹਾਰਿ ॥ ਜਾਸੁ ਮਿਲਿ ਹੋਵੈ ਉਧਾਰੁ ॥ ਨਾਮ ਸੰਗਿ ਮਨ ਤਨਹਿ ਰਾਤ ॥ ਨਾਨਕ ਕਉ ਪ੍ਰਭਿ ਕਰੀ ਦਾਤਿ ॥੪॥੫॥ (ਹੇ ਭਾਈ!) ਪ੍ਰਭੂ ਸਾਰੇ ਜੀਵਾਂ ਦੇ ਨਾਲ ਵਸਦਾ ਹੈ, (ਉਹ ਕਿਸੇ ਜੀਵ ਤੋਂ) ਦੂਰ ਨਹੀਂ।(ਉਹ ਸਾਰੇ) ਕੰਮ ਕਰਨ ਵਾਲਾ ਤੇ (ਜੀਵਾਂ ਤੋਂ) ਕਰਾਉਣ ਵਾਲਾ ਹੈ ਅਤੇ (ਹਰ ਵੇਲੇ ਤੇ ਹਰ ਥਾਂ) ਨੇੜੇ ਤੋਂ ਨੇੜੇ ਹੈ।੧।ਰਹਾਉ।(ਹੇ ਭਾਈ!) ਜਿਸ ਪ੍ਰਭੂ ਦਾ ਨਾਮ ਸੁਣਦਿਆਂ ਮੈਂ ਜਿਉਂਦਾ ਹਾਂ।(ਨਾਮ ਸਿਮਰਨ ਦੀ ਬਰਕਤ ਨਾਲ ਮੇਰੇ) ਦੁੱਖ ਨਾਸ਼ ਹੋ ਗਏ ਹਨ ਅਤੇ ਸੁੱਖ ਨੇ (ਮੇਰੇ ਅੰਦਰ) ਟਿਕਾਣਾ ਕਰ ਲਿਆ ਹੈ।(ਦੁਨੀਆਂ ਦੇ) ਸਾਰੇ ਖਜਾਨੇ ਹਰੀ ਦੇ ਹਰਿ ਹਰਿ ਨਾਮ ਵਿਚ ਹਨ (ਹਰੀ ਦਾ ਨਾਮ ਹੀ ਅਸਲੀ ਖਜਾਨਾ ਹੈ)।ਰਿਸ਼ੀ ਮੁਨੀ ਤੇ ਭਗਤ ਵੀ ਉਸ ਪ੍ਰਭੂ ਦੀ ਸੇਵਾ ਭਗਤੀ ਕਰਦੇ ਹਨ।੧।(ਹੇ ਭਾਈ!) ਜਿਸ ਪ੍ਰਭੂ ਦੇ ਘਰ ਵਿਚ ਸਾਰੇ ਜੀਵ ਸਮਾ ਜਾਂਦੇ ਹਨ।ਜਿਸ (ਪ੍ਰਭੂ ਦੇ ਦਰ) ਤੋਂ ਕੋਈ ਜੀਵ ਖਾਲੀ ਨਹੀਂ ਜਾਂਦਾ।(ਪ੍ਰਭੂ ਸਾਰੇ) ਜੀਵ ਜੰਤੂਆਂ ਦੀ ਪਾਲਣਾ ਕਰਦਾ ਹੈ।(ਇਸ ਲਈ) ਕ੍ਰਿਪਾਲੂ ਪ੍ਰਭੂ ਦੀ ਸਦਾ ਸਦਾ ਸੇਵਾ ਭਗਤੀ ਕਰਦੇ ਕਰਦੇ ਰਹੋ।੨।(ਹੇ ਭਾਈ!) ਜਿਸ ਪ੍ਰਭੂ ਦੀ ਕਚਹਿਰੀ ਵਿਚ ਸਦਾ ਨਿਆਂ ਹੁੰਦਾ ਹੈ।ਉਹ ਬੇਮੁਹਤਾਜ ਹੈ ਤੇ (ਉਸ ਨੂੰ ਕਿਸੇ ਦੀ) ਕੁਛ ਮੁਥਾਜੀ ਨਹੀਂ।(ਉਸ ਨੇ) ਸਭ ਕੁਛ ਅਪਣੇ ਆਪ ਹੀ ਕਰਨਾ ਹੁੰਦਾ ਹੈ।(ਇਸ ਲਈ) ਹੇ ਮੇਰੇ ਮਨ! ਤੂੰ ਉਸ ਨੂੰ ਜਪਿਆ ਕਰ।੩।(ਹੇ ਭਾਈ!) ਮੈਂ ਸਾਧ ਸੰਗਤ ਤੋਂ ਬਲਿਜਾਰ ਜਾਂਦਾ ਹਾਂ।ਜਿਸ ਨੂੰ ਮਿਲ ਕੇ (ਪ੍ਰਭੂ ਦਾ ਨਾਮ ਮਿਲਦਾ ਹੈ ਅਤੇ ਮਨੁੱਖ ਦਾ ਭਵਜਲ ਤੋਂ) ਪਾਰ ਉਤਾਰਾ ਹੁੰਦਾ ਹੈ।ਮੇਰਾ ਮਨ ਤੇ ਤਨ ਨਾਮ ਨਾਲ ਰੰਗਿਆ ਹੋਇਆ ਹੈ।ਨਾਨਕ ਨੂੰ ਪ੍ਰਭੂ ਨੇ (ਗੁਰੂ ਰਾਹੀਂ ਨਾਮ ਦੀ) ਦਾਤ ਬਖਸ਼ਿਸ਼ ਕੀਤੀ ਹੈ।੪।੫।

ਪਦਾਰਥ = ਸਭ ਕੈ ਸੰਗੀ–ਸਾਰੇ (ਜੀਵਾਂ ਦੇ) ਨਾਲ ਹੈ।ਕਰਨ–ਸਭ ਕੁਝ ਕਰਨ ਵਾਲਾ।ਕਰਾਵਨ–(ਜੀਵਾਂ ਪਾਸੋਂ) ਕਰਾਉਣ ਵਾਲਾ ।ਹਾਜਰਾ ਹਜੂਰਿ–ਨੇੜੇ ਤੋਂ ਨੇੜੇ; ਪ੍ਰਤੱਖ ਸਾਮ੍ਹਣੇ।੧।ਰਹਾਉ।ਸੁਨਤ–ਸੁਣਦਿਆਂ।ਜੀਓ–ਜਿਉਂਦਾ ਹਾਂ।ਜਾਸੁ–ਜਿਸ ਦਾ।ਬਿਨਸੇ– ਨਾਸ਼ ਹੋ ਗਏ।ਕੀਓ ਬਿਸ੍ਰਾਮੁ–ਟਿਕਾਣਾ ਕਰ ਲਿਆ।ਸਗਲ ਨਿਧਿ–(ਦੁਨੀਆਂ ਦੇ) ਸਾਰੇ ਖਜਾਨੇ।ਹਰੇ–ਹਰੀ।ਮੁਨਿ ਜਨ–ਰਿਸ਼ੀ

ਮੁਨੀ ਤੇ ਭਗਤ। ਤਾ ਕੀ–ਉਸ ਦੀ। ਸੇਵ ਕਰੇ–ਸੇਵਾ ਭਗਤੀ ਕਰਦੇ ਹਨ।੧। ਜਾ ਕੈ–ਜਿਸ ਦੇ। ਘਰਿ–ਘਰ ਵਿਚ। ਸਗਲੇ–ਸਾਰੇ। ਸਮਾਹਿ–ਸਮਾ (ਟਿਕ) ਜਾਂਦੇ ਹਨ। ਜਿਸ ਤੇ–ਜਿਸ ਪ੍ਰਭੂ ਤੋਂ। ਬਿਰਥਾ–ਖਾਲੀ। ਜੀਅ ਜੰਤ੍ਰ–ਛੋਟੇ ਵੱਡੇ ਜੀਵਾਂ ਦੀ। ਸੇਵਹੁ–ਸੇਵਾ ਕਰਦੇ ਰਹੋ।੨। ਧਰਮੁ–ਨਿਆਂ। ਦੀਬਾਣਿ–ਕਚਹਿਰੀ ਵਿਚ। ਬੇਮੁਹਤਾਜ–ਸੁਤੰਤ੍ਰ; ਜੋ ਲੋੜਵੰਦ ਨਹੀਂ; ਬੇਪ੍ਰਵਾਹ। ਰੇ ਮਨ–ਹੇ ਮਨ!। ਤਾ ਕਉ–ਉਸ (ਪ੍ਰਭੂ) ਨੂੰ।੩। ਕਉ–ਨੂੰ। ਹਉ–ਮੈਂ। ਬਲਿਹਾਰ–ਸਦਕੇ ਜਾਂਦਾ ਹਾਂ। ਜਾਸੁ–ਜਿਸ ਨੂੰ। ਮਿਲਿ–ਮਿਲ ਕੇ। ਉਧਾਰੁ–ਪਾਰ ਉਤਾਰਾ। ਸੰਗਿ–ਨਾਲ। ਤਨਹਿ–ਸਰੀਰ। ਰਾਤ–ਰੰਗਿਆ ਹੈ। ਪ੍ਰਭਿ–ਪ੍ਰਭੂ ਨੇ। ਕਰੀ–ਕੀਤੀ ਹੈ।੪।੫।

ਮਾਲੀ ਗਉੜਾ ਮਹਲਾ ੫ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਹਰਿ ਸਮਰਥ ਕੀ ਸਰਨਾ ॥ ਜੀਉ ਪਿੰਡੁ ਧਨੁ ਰਾਸਿ ਮੇਰੀ, ਪ੍ਰਭ ਏਕ ਕਾਰਨ ਕਰਨਾ ॥੧॥ਰਹਾਉ॥ ਸਿਮਰਿ ਸਿਮਰਿ ਸਦਾ ਸੁਖੁ ਪਾਈਐ, ਜੀਵਣੈ ਕਾ ਮੂਲੁ ॥ ਰਵਿ ਰਹਿਆ ਸਰਬਤ ਠਾਈ, ਸੂਖਮੋ ਅਸਥੂਲ ॥੧॥ (ਹੇ ਭਾਈ!) ਮੈਂ ਸਰਬ ਸ਼ਕਤੀਮਾਨ ਹਰੀ ਦੀ ਸ਼ਰਨ ਪਿਆ ਹਾਂ। ਇਕ ਪ੍ਰਭੂ ਜੋ ਸਾਰੇ ਕਾਰਨਾਂ ਦੇ ਕਰਨ ਵਾਲਾ ਹੈ, (ਉਹ ਹੀ) ਮੇਰੀ ਜਿੰਦ, ਸਰੀਰ ਤੇ ਧਨ ਪੂੰਜੀ ਹੈ।੧। ਰਹਾਉ। (ਹੇ ਭਾਈ! ਪ੍ਰਭੂ ਸਾਰੇ) ਜੀਵਾਂ ਦੇ ਜੀਵਨ ਦਾ ਮੁੱਢ ਹੈ, (ਉਸ ਨੂੰ) ਸਿਮਰ ਸਿਮਰ ਕੇ ਸਦਾ ਸੁਖ ਪਾਈਦਾ ਹੈ। (ਉਹ) ਸੂਖਮ ਸ੍ਰਿਸਟੀ ਤੇ ਸਥੂਲ ਸ੍ਰਿਸਟੀ ਵਿਚ ਸਭ ਥਾਵਾਂ ਤੇ ਵਿਆਪਕ ਹੋ ਰਿਹਾ ਹੈ; ਪ੍ਰਭੂ ਕਿਤੇ ਸੂਖਮ ਰੂਪ ਵਿਚ ਤੇ ਕਿਤੇ ਸਥੂਲ ਰੂਪ ਵਿਚ ਸਭ ਥਾਂ ਮੌਜੂਦ ਹੈ।੧।

ਅੰਗ ੯੮੮ = ਆਲ ਜਾਲ ਬਿਕਾਰ ਤਜਿ ਸਭਿ, ਹਰਿ ਗੁਨਾ ਨਿਤਿ ਗਾਉ ॥ ਕਰ ਜੋੜਿ ਨਾਨਕੁ ਦਾਨੁ ਮਾਂਗੈ, ਦੇਹੁ ਅਪਨਾ ਨਾਉ ॥੨॥੧॥੬॥ (ਹੇ ਭਾਈ!) ਘਰ ਦੇ ਸਾਰੇ ਬੇਕਾਰ (ਨਿਕੰਮੇ) ਜੰਜਾਲ ਛਡ ਕੇ ਹਰ ਰੋਜ ਹਰੀ ਦੇ ਗੁਣ ਗਾਇਆ ਕਰ। ਨਾਨਕ ਦੋਵੇਂ ਹੱਥ ਜੋੜ ਕੇ ਇਹ ਦਾਨ ਮੰਗਦਾ ਹੈ, ਕਿ ਹੇ ਪ੍ਰਭੂ! ਮੈਨੂੰ ਅਪਣਾ ਨਾਮ ਬਖਸ਼ ਦੇਹ।੨।੧।੬।

ਪਦਾਰਥ = ਦੁਪਦੇ–ਦੋ ਪਦਿਆਂ ਵਾਲੇ ਸ਼ਬਦ। ਸਮਰਥ–ਸਰਬ ਸ਼ਕਤੀਮਾਨ। ਜੀਉ–ਜਿੰਦ। ਪਿੰਡੁ–ਸਰੀਰ। ਰਾਸਿ–ਪੂੰਜੀ। ਕਾਰਨ ਕਰਨਾ–ਸਾਰੇ ਕਾਰਨਾਂ ਦੇ ਕਰਨ ਵਾਲਾ; ਸ੍ਰਿਸਟੀ ਰਚਨਾ ਦਾ ਮੂਲ ਕਾਰਨ।੧। ਰਹਾਉ। ਸਿਮਰਿ–ਸਿਮਰ ਕੇ। ਜੀਵਣੈ ਕਾ–ਜੀਵਨ ਦਾ। ਮੂਲੁ–ਮੁੱਢ; ਸੋਮਾ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਸਰਬਤ ਠਾਈ–ਸਭ ਥਾਵਾਂ ਤੇ। ਸੂਖਮੋ–ਅਦ੍ਰਿਸ਼ਟ ਸ੍ਰਿਸਟੀ ਵਿਚ; ਅਣ ਦਿਸਦੀਆਂ ਚੀਜਾਂ ਵਿਚ। ਅਸਥੂਲ–ਦਿਸਦੇ ਸੰਸਾਰ ਵਿਚ; ਦਿਸ ਰਹੇ ਪਦਾਰਥਾਂ ਵਿਚ।੧। ਆਲ ਜਾਲ–ਘਰ ਦੇ ਜੰਜਾਲ। ਬਿਕਾਰ–ਬੇਕਾਰ (ਨਿਕੰਮੇ); ਵਿਸ਼ੇ ਵਿਕਾਰ। ਤਜਿ–ਛਡ ਕੇ। ਗੁਨਾ–ਗੁਣ। ਨਿਤਿ–ਹਰ ਰੋਜ; ਸਦਾ। ਗਾਉ–ਗਾਇਆ ਕਰ। ਕਰ–ਹੱਥ (ਬਹੁ ਵਚਨ)। ਜੋੜਿ–ਜੋੜ ਕੇ। ਮਾਂਗੈ–ਮੰਗਦਾ ਹੈ। ਦੇਹੁ–(ਬਖਸ਼) ਦੇਹ।੨।੧।੬।

ਮਾਲੀ ਗਉੜਾ ਮਹਲਾ ੫ ॥ ਪ੍ਰਭ ਸਮਰਥ ਦੇਵ ਅਪਾਰ ॥ ਕਉਨੁ ਜਾਨੈ ਚਲਿਤ ਤੇਰੇ, ਕਿਛੁ ਅੰਤੁ ਨਾਹੀ ਪਾਰ ॥੧॥ਰਹਾਉ॥ ਇਕ ਖਿਨਹਿ ਥਾਪਿ ਉਥਾਪਦਾ, ਘੜਿ ਭੰਨਿ ਕਰਨੈਹਾਰੁ ॥ ਜੇਤ ਕੀਨ ਉਪਾਰਜਨਾ, ਪ੍ਰਭੁ ਦਾਨੁ ਦੇਇ ਦਾਤਾਰ ॥੧॥ ਹਰਿ ਸਰਨਿ ਆਇਓ ਦਾਸੁ ਤੇਰਾ, ਪ੍ਰਭ ਊਚ ਅਗਮ ਮੁਰਾਰ ॥ ਕਢਿ ਲੇਹੁ ਭਉਜਲ ਬਿਖਮ ਤੇ, ਜਨੁ ਨਾਨਕੁ ਸਦ ਬਲਿਹਾਰ ॥੨॥੨॥੭॥ ਹੇ ਸਰਬ ਸ਼ਕਤੀਮਾਨ ਪ੍ਰਭੂ! ਹੇ ਪ੍ਰਕਾਸ਼ ਰੂਪ ਬੇਅੰਤ ਪ੍ਰਭੂ! ਤੇਰੇ ਕੌਤਕਾਂ ਨੂੰ ਕੌਣ ਜਾਣ ਸਕਦਾ ਹੈ? (ਕੋਈ ਨਹੀਂ ਜਾਣ ਸਕਦਾ) ਅਤੇ ਨਾ ਹੀ ਤੇਰੇ ਉਰਾਰ ਪਾਰ ਦਾ ਕੁਛ ਅੰਤ ਪਾਇਆ ਜਾ ਸਕਦਾ ਹੈ।੧। ਰਹਾਉ। (ਹੇ ਭਾਈ! ਪ੍ਰਭੂ) ਇਕ ਖਿਨ ਵਿਚ ਸ੍ਰਿਸਟੀ ਬਣਾ ਕੇ ਨਾਸ਼ ਕਰ ਸਕਦਾ ਹੈ, (ਉਹ ਸ੍ਰਿਸਟੀ ਨੂੰ) ਘੜ ਕੇ, ਭੰਨ ਕੇ (ਫਿਰ ਦੁਬਾਰਾ ਪੈਦਾ) ਕਰਨ ਵਾਲਾ ਹੈ। (ਉਸ ਨੇ) ਜਿਤਨੀ ਸ੍ਰਿਸਟੀ ਪੈਦਾ ਕੀਤੀ ਹੋਈ ਹੈ, ਦਾਤਾਰ ਪ੍ਰਭੂ (ਸਾਰੇ ਜੀਵਾਂ ਨੂੰ) ਦਾਨ ਦੇਂਦਾ ਹੈ ੧। ਹੇ ਸਭ ਤੋਂ ਉਚੇ ਪ੍ਰਭੂ! ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ! ਹੇ ਹਰੀ! ਮੈਂ ਤੇਰਾ ਦਾਸ (ਨਾਨਕ) ਤੇਰੀ ਸਰਨ ਆਇਆ ਹਾਂ। ਦਾਸ ਨਾਨਕ ਤੇਰੇ ਤੋਂ ਸਦਾ ਬਲਿਹਾਰ ਜਾਂਦਾ ਹੈ, (ਕ੍ਰਿਪਾ ਕਰਕੇ ਮੈਨੂੰ) ਕਠਨ ਤਰੇ ਜਾਣ ਵਾਲੇ ਸੰਸਾਰ ਸਮੁੰਦਰ ਤੋਂ ਬਾਹਰ ਕੱਢ ਲੈ।੨।੨।੭।

ਪਦਾਰਥ = ਪ੍ਰਭ–ਹੇ ਪ੍ਰਭੂ!। ਸਮਰਥ–ਸਰਬ ਸ਼ਕਤੀਮਾਨ। ਦੇਵ–ਹੇ ਪ੍ਰਕਾਸ਼ ਰੂਪ ਪ੍ਰਭੂ!। ਅਪਾਰ–ਬੇਅੰਤ। ਜਾਨੈ–ਜਾਣਦਾ ਹੈ। ਚਲਿਤ–ਕੌਤਕ। ਪਾਰ–ਪਾਰਲਾ ਕੰਢਾ।੧। ਰਹਾਉ। ਇਕ ਖਿਨਹਿ–ਇਕ ਖਿਨ ਵਿਚ। ਥਾਪਿ–ਬਣਾ (ਪੈਦਾ ਕਰ) ਕੇ। ਉਥਾਪਦਾ–ਨਾਸ਼ ਕਰ ਸਕਦਾ ਹੈ। ਘੜਿ–ਘੜ ਕੇ। ਭੰਨਿ–ਤੋੜ ਕੇ। ਕਰਨੈਹਾਰੁ–ਸਭ ਕੁਛ ਕਰਨ ਵਾਲਾ। ਜੇਤ–ਜਿਤਨੀ (ਸ੍ਰਿਸਟੀ)। ਕੀਨ ਉਪਾਰ ਜਨਾ–ਪੈਦਾ ਕੀਤੀ ਹੈ। ਦੇਇ–ਦੇਂਦਾ ਹੈ। ਦਾਤਾਰ–ਦਾਤਾਂ ਦੇਣ ਵਾਲਾ।੧। ਹਰਿ–ਹੇ ਹਰੀ!। ਪ੍ਰਭ–ਹੇ ਪ੍ਰਭੂ!। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਮੁਰਾਰ–ਹੇ ਅਗਿਆਨ ਦਾ ਨਾਸ਼ ਕਰਨ ਵਾਲੇ ਪ੍ਰਭੂ!। ਭਉਜਲ–ਸੰਸਾਰ ਸਮੁੰਦਰ। ਬਿਖਮ–ਔਖਾ ਤਰਿਆ ਜਾਣਾ ਵਾਲਾ। ਤੇ–ਤੋਂ। ਸਦ–ਸਦਾ। ਜਨੁ ਨਾਨਕੁ–ਦਾਸ ਨਾਨਕ। ਬਲਿਹਾਰ–ਸਦਕੇ ਜਾਂਦਾ ਹੈ।੨।੨।੭।

ਮਾਲੀ ਗਉੜਾ ਮਹਲਾ ੫ ॥ ਮਨਿ ਤਨਿ ਬਸਿ ਰਹੇ ਗੋਪਾਲ ॥ ਦੀਨ ਬਾਂਧਵ ਭਗਤਿ ਵਛਲ, ਸਦਾ ਸਦਾ ਕ੍ਰਿਪਾਲ ॥੧॥ਰਹਾਉ॥ ਆਦਿ ਅੰਤੇ ਮਧਿ ਤੂਹੈ, ਪ੍ਰਭ ਬਿਨਾ ਨਾਹੀ ਕੋਇ ॥ ਪੂਰਿ ਰਹਿਆ ਸਗਲ ਮੰਡਲ, ਏਕੁ ਸੁਆਮੀ ਸੋਇ ॥੧॥ ਕਰਨਿ ਹਰਿ ਜਸੁ ਨੇਤ੍ਰ ਦਰਸਨੁ ,ਰਸਨਿ ਹਰਿ ਗੁਨ ਗਾਉ ॥ ਬਲਿਹਾਰਿ ਜਾਏ ਸਦਾ ਨਾਨਕੁ ,ਦੇਹੁ ਅਪਣਾ ਨਾਉ ॥੨॥੩॥੮॥੬॥੧੪॥ ਹੇ ਸ੍ਰਿਸਟੀ ਦੀ ਪਾਲਣਾ ਕਰਨ ਵਾਲੇ ਪ੍ਰਭੂ! (ਤੂੰ ਮੇਰੇ) ਮਨ ਵਿਚ ਤੇ ਸਰੀਰ ਵਿਚ ਵਸ ਰਿਹਾ ਹੈਂ। ਤੂੰ ਗਰੀਬਾਂ ਦੀ ਸਹਾਇਤਾ ਕਰਨ ਵਾਲਾ ਹੈਂ ,ਭਗਤੀ ਨਾਲ ਪਿਆਰ ਕਰਨ ਵਾਲਾ ਹੈਂ ਅਤੇ (ਸਾਰੇ ਜੀਵਾਂ ਉਤੇ) ਸਦਾ ਸਦਾ ਕ੍ਰਿਪਾ ਕਰਨ ਵਾਲਾ ਹੈਂ।੧।ਰਹਾਉ।(ਹੇ ਪ੍ਰਭੂ! ਸ੍ਰਿਸਟੀ ਦੇ) ਸ਼ੁਰੂ ਵਿਚ ਤੂੰ ਹੀ ਸੀ, ਸ੍ਰਿਸਟੀ ਦੇ ਅੰਤ ਵਿਚ ਵੀ ਤੂੰ ਹੀ ਹੋਵੇਂਗਾ ਅਤੇ ਸ੍ਰਿਸਟੀ ਦੇ ਵਿਚਕਾਰ ਭਾਵ ਹੁਣ ਵੀ ਤੂੰ ਹੀ ਹੈਂ (ਤਿੰਨਾਂ ਸਮਿਆਂ ਵਿਚ ਤੂੰ ਹੀ ਹੈਂ, ਹੇ ਭਾਈ! ਸਦਾ ਕਾਇਮ ਰਹਿਣ ਵਾਲਾ) ਪ੍ਰਭੂ ਤੋਂ ਬਿਨਾ ਹੋਰ ਕੋਈ ਨਹੀਂ ਹੈ।ਉਹ ਇਕ ਮਾਲਕ ਪ੍ਰਭੂ ਹੀ ਸਾਰੇ ਜਗਤ ਵਿਚ ਸਮਾ ਰਿਹਾ ਹੈ।੧।(ਹੇ ਭਾਈ!) ਮੈਂ ਕੰਨਾਂ ਨਾਲ ਹਰੀ ਦਾ ਜਸ ਸੁਣਦਾ ਹਾਂ, ਅੱਖਾਂ ਨਾਲ ਹਰੀ ਦੇ ਦਰਸ਼ਨ ਕਰਦਾ ਹਾਂ ਅਤੇ ਜੀਭ ਨਾਲ ਹਰੀ ਦੇ ਗੁਣ ਗਾਉਂਦਾ ਹਾਂ।(ਹੇ ਭਾਈ!) ਨਾਨਕ ਸਦਾ ਹੀ ਪ੍ਰਭੂ ਤੋਂ ਬਲਿਹਾਰ ਜਾਂਦਾ ਹੈ ਅਤੇ (ਅਰਦਾਸ ਕਰਦਾ ਹੈ ਕਿ ਹੇ ਪ੍ਰਭੂ! ਤੂੰ ਮੈਨੂੰ) ਅਪਣਾ ਨਾਮ ਬਖਸ਼ ਦੇਹ।੨।੩।੮।੬।੧੪।

ਪਦਾਰਥ = ਮਨਿ–ਮਨ ਵਿਚ।ਤਨਿ–ਸਰੀਰ ਵਿਚ।ਗੋਪਾਲ–ਸ੍ਰਿਸਟੀ ਦੀ ਪਾਲਣਾ ਕਰਨ ਵਾਲਾ ਪ੍ਰਭੂ।ਦੀਨ ਬਾਂਧਵ–ਗਰੀਬਾਂ ਦੀ ਸਹਾਇਤਾ ਕਰਨ ਵਾਲਾ।ਭਗਤਿ ਵਛਲ–ਭਗਤੀ ਨਾਲ ਪਿਆਰ ਕਰਨ ਵਾਲਾ।ਕ੍ਰਿਪਾਲ–ਕ੍ਰਿਪਾ ਕਰਨ ਵਾਲਾ।੧।ਰਹਾਉ।ਆਦਿ–ਸ੍ਰਿਸਟੀ ਦੇ ਸ਼ੁਰੂ ਵਿਚ।ਅੰਤੇ–ਸ੍ਰਿਸਟੀ ਦੇ ਅੰਤ ਵਿਚ।ਮਧਿ–ਵਿਚਕਾਰ (ਹੁਣ ਵਰਤਮਾਨ ਵਿਚ)।ਪੂਰਿ ਰਹਿਆ–ਸਮਾ ਰਿਹਾ ਹੈ। ਸਗਲ ਮੰਡਲ–ਸਾਰੇ ਜਗਤ ਵਿਚ।ਸੁਆਮੀ–ਮਾਲਕ ਪ੍ਰਭੂ।ਸੋਇ–ਉਹ ਹੀ।੧।ਕਰਨਿ–ਕੰਨਾਂ ਨਾਲ।ਨੇਤ੍ਰ–ਅੱਖਾਂ ਨਾਲ।ਰਸਨਿ–ਜੀਭ ਨਾਲ।ਗਾਉ–ਮੈਂ ਗਾਉਂਦਾ ਹਾਂ।ਬਲਿਹਾਰਿ ਜਾਏ–ਸਦਕੇ ਜਾਂਦਾ ਹਾਂ।ਦੇਹੁ–ਬਖਸ਼ ਦੇਹ।੨।੩।੮।੬।੧੪।

ਮਹਲਾ ੪ ਦੇ ੬ ਸ਼ਬਦ। ਮਹਲਾ ੫ ਦੇ ੮ ਸ਼ਬਦ।ਕੁਲ ਜੋੜ ੧੪।

ਚਉਪਦੇ ੫ ਅਤੇ ਦੁਪਦੇ ੩ ਕੁਲ ਜੋੜ ੮

ਮਾਲੀ ਗਉੜਾ ਬਾਣੀ ਭਗਤ ਨਾਮ ਦੇਵ ਜੀ ਕੀ ੧ੴ ਸਤਿਗੁਰ ਪ੍ਰਸਾਦਿ ॥

ਧਨਿ ਧੰਨਿ ਓ ਰਾਮ ਬੇਨੁ ਬਾਜੈ ॥ ਮਧੁਰ ਮਧੁਰ ਧੁਨਿ ਅਨਹਤ ਗਾਜੈ ॥੧॥ਰਹਾਉ॥ ਧਨਿ ਧਨਿ ਮੇਘਾ ਰੋਮਾਵਲੀ ॥ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥੧॥ ਧਨਿ ਧਨਿ ਤੂ ਮਾਤਾ ਦੇਵਕੀ ॥ ਜਿਹ ਗ੍ਰਿਹ ਰਮਈਆ ਕਵਲਾਪਤੀ ॥੨॥ ਧਨਿ ਧਨਿ ਬਨਖੰਡ ਬਿੰਦ੍ਰਾਬਨਾ ॥ ਜਹ ਖੇਲੈ ਸ੍ਰੀ ਨਾਰਾਇਨਾ ॥੩॥ ਬੇਨੁ ਬਜਾਵੈ, ਗੋਧਨੁ ਚਰੈ ॥ ਨਾਮੇ ਕਾ ਸੁਆਮੀ, ਆਨਦ ਕਰੈ ॥੪॥੧॥ ਰਾਮ ਜੀ ਦੀ ਜੋ ਬੰਸਰੀ ਵਜ ਰਹੀ ਹੈ, ਉਹ ਧੰਨਤਾ ਦੇ ਯੋਗ ਹੈ।(ਉਸ ਬੰਸਰੀ ਦੀ) ਮਿੱਠੀ ਮਿੱਠੀ ਧੁਨ ਬਿਨਾ ਵਜਾਇਆਂ ਪ੍ਰਗਟ ਹੋ ਰਹੀ ਹੈ।੧। ਰਹਾਉ।ਧੰਨਤਾ ਦੇ ਯੋਗ ਹੈ ਮੇਂਢੇ ਦੀ ਉੱਨ।(ਮੇਂਢੇ ਦੀ ਉੱਨ ਤੋਂ ਬਣੀ ਉਹ) ਕੰਬਲੀ ਵੀ ਧੰਨ ਹੈ, ਕ੍ਰਿਸ਼ਨ ਜੀ ਵੀ ਧੰਨ ਹਨ, (ਜੋ ਇਹ ਕੰਬਲੀ) ਪਹਿਨਦੇ ਹਨ।੧।ਹੇ ਮਾਤਾ ਦੇਵਕੀ! ਤੂੰ ਧੰਨ ਹੈਂ।ਜਿਸ ਦੇ ਘਰ ਵਿਚ ਸੋਹਣੇ ਰਾਮ ਜੀ, ਲੱਛਮੀ ਦੇ ਪਤੀ ਵਿਸ਼ਨੂੰ (ਕ੍ਰਿਸ਼ਨ ਜੀ) ਦੇ ਰੂਪ ਵਿਚ ਜਨਮੇ ਸਨ।੨।ਜੰਗਲ ਦਾ ਅਸਥਾਨ ਬਿੰਦ੍ਰਾਬਨ ਵੀ ਧੰਨਤਾ ਦੇ ਯੋਗ ਹੈ।ਜਿੱਥੇ ਸ੍ਰੀ ਨਰਾਇਣ ਕ੍ਰਿਸ਼ਨ ਜੀ ਦੇ ਰੂਪ ਵਿਚ ਖੇਲਦੇ ਰਹੇ ਹਨ।੩।(ਜਮਨਾ ਨਦੀ ਦੇ ਕਿਨਾਰੇ ਕ੍ਰਿਸ਼ਨ ਜੀ) ਬੰਸਰੀ ਵਜਾਉਂਦੇ ਹਨ ਅਤੇ ਗਾਈਆਂ ਦਾ ਵੱਗ ਚਾਰਦੇ ਰਹੇ ਹਨ।ਨਾਮ ਦੇਵ ਦਾ ਸੁਆਮੀ (ਕ੍ਰਿਸ਼ਨ ਰੂਪ ਵਿਚ ਗੋਪੀਆਂ ਨਾਲ) ਅਨੰਦ ਮਾਣਦਾ ਰਿਹਾ ਹੈ।੪।੧।

ਪਦਾਰਥ = ਧਨਿ ਧੰਨਿ–ਧੰਨਤਾ ਦੇ ਯੋਗ।ਰਾਮ ਬੇਨੁ–(ਸਰਬ ਵਿਆਪਕ) ਰਾਮ ਦੀ ਬੰਸਰੀ।ਬਾਜੈ–ਵੱਜ ਰਹੀ ਹੈ।ਮਧੁਰ–ਮਿੱਠੀ। ਧੁਨਿ–ਸੁਰ।ਅਨਹਤ–ਬਿਨਾ ਵਜਾਇਆਂ; ਇਕ ਰਸ; ਲਗਤਾਰ।ਗਾਜੈ–ਗਰਜ (ਗੂੰਜ) ਰਹੀ ਹੈ; ਪ੍ਰਗਟ ਹੋ ਰਹੀ ਹੈ।੧।ਰਹਾਉ। ਮੇਘਾ–ਮੇਂਢਾਂ (ਭੇਡੂ)।ਰਾਮਾਵਲੀ–ਰੋਮਾਂ ਦੀ ਕਤਾਰ ਉੱਨ।ਓਢੈ–ਪਹਿਨਦੇ ਹਨ।ਕਾਂਬਲੀ–ਕੰਬਲੀ।੧।ਦੇਵਕੀ–ਕ੍ਰਿਸ਼ਨ ਜੀ ਦੀ ਮਾਂ ਦਾ ਨਾਮ।ਜਿਹ ਗ੍ਰਿਹ–ਜਿਸ ਦੇ ਘਰ ਵਿਚ।ਰਮਈਆ–ਸੋਹਣੇ ਰਾਮ ਜੀ (ਪ੍ਰਮਾਤਮਾ)।ਕਵਲਾ ਪਤੀ–ਲਛਮੀ ਦੇ ਪਤੀ ਵਿਸ਼ਨੂੰ ਦਾ ਅਵਤਾਰ ਕ੍ਰਿਸ਼ਨ ਜੀ।੨।ਬਨਖੰਡ–ਜੰਗਲ ਦਾ ਅਸਥਾਨ।ਬਿੰਦ੍ਰਾਬਨਾ–ਮਥਰਾ ਜਿਲ੍ਹੇ ਵਿਚ ਜਮਨਾ ਨਦੀ ਦੇ ਕਿਨਾਰੇ ਇਕ ਜੰਗਲ, ਜਿੱਥੇ ਕ੍ਰਿਸ਼ਨ ਜੀ ਲੀਲਾ ਰਚਾਉਂਦੇ ਰਹੇ ਹਨ।ਜਹ–ਜਿੱਥੇ।ਸ੍ਰੀ ਨਾਰਾਇਨਾ–ਪ੍ਰਮਾਤਮਾ (ਕ੍ਰਿਸ਼ਨ ਰੂਪ ਵਿਚ)।੩।ਗੋਧਨੁ–ਗਾਈਆਂ ਦਾ ਵੱਗ।ਚਰੈ–ਚਾਰਦਾ ਹੈ।ਨਾਮੇ ਕਾ–ਨਾਮ ਦੇਵ ਦਾ।ਸੁਆਮੀ–ਪ੍ਰਭੂ।ਆਨਦ ਕਰੈ–ਅਨੰਦ ਮਾਣਦਾ ਰਿਹਾ ਹੈ।੪।੧।

ਵਿਆਖਿਆ = ਇਸ ਸ਼ਬਦ ਵਿਚ ਨਾਮ ਦੇਵ ਜੀ ਨੂੰ ਪ੍ਰਭੂ ,ਕ੍ਰਿਸ਼ਨ ਜੀ ਵਿਚ ਵੱਡੇ ਵੱਡੇ ਕੰਮ ਕਰਦਾ ਦਿਸ ਰਿਹਾ ਹੈ। ਇਥੇ ਦੁਆਪਰ ਜੁਗ ਦੇ ਅਵਤਾਰ ਕ੍ਰਿਸ਼ਨ ਜੀ ਦੀ ਪੂਜਾ ਦਾ ਉਪਦੇਸ਼ ਨਹੀਂ, ਨਾਮ ਦੇਵ ਜੀ ਕ੍ਰਿਸ਼ਨ ਜੀ ਵਿਚ ਪ੍ਰਭੂ ਦੀ ਉਪਮਾ ਦਾ ਕੁਝ ਚਮਤਕਾਰਾ ਦੇਖ ਕੇ ਅਪਣੇ ਮੂੰਹੋਂ ਧੰਨ ਧੰਨ ਬੋਲ ਰਹੇ ਹਨ। ਕ੍ਰਿਸ਼ਨ ਜੀ ਦੀ ਬੰਸਰੀ ਤੇ ਮੇਘਾ ਆਦਿ ਨਾਮ ਦੇਵ ਜੀ ਨੂੰ ਪਿਆਰੇ ਲਗਦੇ ਹਨ। ਜਿੰਨੇ ਵੀ ਅਵਤਾਰ ਜਾਂ ਰਿਸ਼ੀ ਮੁਨੀ ਪੈਦਾ ਹੋਏ ਹਨ, ਉਨ੍ਹਾਂ ਨੇ ਜੋ ਲੋਕ ਭਲਾਈ ਦੇ ਕੰਮ ਕੀਤੇ, ਉਹ ਪ੍ਰਮਾਤਮਾ ਦੀ ਬਖਸ਼ੀ ਤਾਕਤ ਨਾਲ ਹੀ ਕੀਤੇ ਹਨ। ਵਾਸਤਵ ਵਿਚ ਹਰੇਕ ਜੀਵ ਅੰਦਰ ਪ੍ਰਮਾਤਮਾ ਦੀ ਤਾਕਤ ਕੰਮ ਕਰਦੀ ਹੈ, ਉਸ ਦੀ ਤਾਕਤ ਨਾਲ ਹੀ ਜੀਵ ਤੁਰਦਾ ਫਿਰਦਾ, ਬੋਲਦਾ, ਸੁਣਦਾ, ਖਾਂਦਾ ਪੀਂਦਾ ਹਰੇਕ ਕੰਮ ਕਰਦਾ ਹੈ।

ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥੪॥ ਅੰਗ ੧੧੬੫

ਕੋਈ ਮੁਲਾਜਮ ਜਿਸ ਸਰਕਾਰ ਲਈ ਕੰਮ ਕਰਦਾ ਹੈ, ਉਹ ਕੰਮ ਸਰਕਾਰ ਵੱਲੋਂ ਕੀਤਾ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਅਵਤਾਰਾਂ ਰਿਸ਼ੀਆਂ ਮੁਨੀਆਂ ਵੱਲੋਂ ਕੀਤੇ ਪਰਉਪਕਾਰ ਪ੍ਰਮਾਤਮਾ ਵੱਲੋਂ ਕੀਤੇ ਮੰਨੇ ਜਾਂਦੇ ਹਨ। ਕ੍ਰਿਸ਼ਨ ਜੀ ਦੀ ਵਜ ਰਹੀ ਬੰਸਰੀ ਦੀ ਮਿੱਠੀ ਮਿੱਠੀ ਧੁਨ ਵਿਚ ਨਾਮ ਦੇਵ ਜੀ ਨੂੰ ਪ੍ਰਭੂ ਦੀ ਅਵਾਜ ਸੁਣਾਈ ਦੇਂਦੀ ਹੈ। ਕ੍ਰਿਸ਼ਨ ਜੀ ਦਾ ਬਿੰਦ੍ਰਾਬਨ ਵਿਚ ਗੋਪੀਆਂ ਨਾਲ ਖੇਲਣਾ ਵੀ ਨਾਮ ਦੇਵ ਜੀ ਨੂੰ ਪ੍ਰਭੂ ਦੇ ਕੌਤਕ ਦਿਖਾਈ ਦੇ ਰਹੇ ਹਨ। ਨਾਮ ਦੇਵ ਜੀ ਨੂੰ ਕ੍ਰਿਸ਼ਨ ਜੀ ਦੇ ਲੰਮੇ ਲੰਮੇ ਕੇਸ ਤੇ ਸਾਂਵਲਾ ਰੰਗ ਵੀ ਪ੍ਰਭੂ ਦਾ ਰੰਗ ਰੂਪ ਨਜਰ ਆ ਰਿਹਾ ਹੈ। ਤੰਦੂਏ ਤੋਂ ਹਾਥੀ ਦੀ ਰੱਖਿਆ, ਦੁਹਸਾਸਨ ਦੀ ਸਭਾ ਵਿਚ ਦ੍ਰੋਪਤੀ ਦੀ ਇਜਤ ਪ੍ਰਭੂ ਵੱਲੋਂ ਬਚਾਈ ਪ੍ਰਤੀਤ ਹੋ ਰਹੀ ਹੈ। ਅਖੀਰਲੇ ਸ਼ਬਦ 'ਸਭੈ ਘਟ ਰਾਮੁ ਬੋਲੈ' ਵਿਚ ਨਾਮ ਦੇਵ ਜੀ ਨੇ ਅਪਣਾ ਵਿਚਾਰ ਸਪੱਸ਼ਟ ਕਰ ਦਿਤਾ ਕਿ ਸਾਰੇ ਜੀਵਾਂ ਦੇ ਅੰਦਰ ਸਰਬ ਵਿਆਪਕ ਰਾਮ ਦੀ ਤਾਕਤ ਕੰਮ ਕਰ ਰਹੀ ਹੈ।

ਮੇਰੋ ਬਾਪੁ ਮਾਧਉ ਤੂ ਧਨੁ ਕੇਸੌ, ਸਾਂਵਲੀਓ ਬੀਠੁਲਾਇ ॥੧॥ਰਹਾਉ॥ ਕਰ ਧਰੇ ਚਕ੍ਰ ਬੈਕੁੰਠ ਤੇ ਆਏ, ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ॥ ਦੁਹਸਾਸਨ ਕੀ ਸਭਾ ਦ੍ਰੋਪਤੀ, ਅੰਬਰ ਲੇਤ ਉਬਾਰੀਅਲੇ ॥੧॥ ਗੋਤਮ ਨਾਰਿ ਅਹਲਿਆ ਤਾਰੀ, ਪਾਵਨ ਕੇਤਕ ਤਾਰੀਅਲੇ ॥ ਐਸਾ ਅਧਮੁ ਅਜਾਤਿ ਨਾਮ ਦੇਉ ,ਤਉ ਸਰਨਾਗਤਿ ਆਈਅਲੇ ॥੨॥੨॥ ਹੇ ਮੇਰੇ ਬਾਪ ਮਾਧੋ ! ਹੇ ਲੰਬੇ ਕੇਸਾਂ ਅਤੇ ਸਾਂਵਲੇ ਰੰਗ ਵਾਲੇ ਪ੍ਰਭੂ ! ਤੂੰ ਧੰਨ ਹੈਂ।੧।ਰਹਾਉ।(ਹੇ ਪ੍ਰਭੂ !) ਤੂੰ ਹੱਥ ਵਿਚ ਸੁਦਰਸ਼ਨ ਚੱਕ੍ਰ ਲੈ ਕੇ ਬੈਕੁੰਠ ਤੋਂ ਆਇਆ ਸੀ ਅਤੇ ਹਾਥੀ ਦੇ ਪ੍ਰਾਣ ਤੰਦੂਏ ਤੋਂ ਬਚਾਏ ਸਨ। ਦੁਹਸਾਸਨ ਦੀ ਸਭਾ ਵਿਚ ਜਦੋਂ ਦ੍ਰੋਪਤੀ ਦੇ ਕੱਪੜੇ ਲਾਹੇ ਜਾ ਰਹੇ ਸਨ, ਤੈਂ ਹੀ ਉਸ ਦੀ ਇੱਜਤ ਬਚਾਈ ਸੀ।੧। ਹੇ ਪ੍ਰਭੂ ! ਤੈਂ ਹੀ ਗੋਤਮ ਰਿਸ਼ੀ ਦੀ ਇਸਤ੍ਰੀ ਅਹੱਲਿਆ (ਭਵਜਲ ਤੋਂ) ਤਾਰ ਦਿਤੀ ਸੀ (ਜੋ ਗੋਤਮ ਦੇ ਸਰਾਪ ਨਾਲ ਸਿਲਾ ਪੱਥਰ ਬਣ ਗਈ ਸੀ ਤੇ ਇਹੋ ਜਿਹੇ ਹੋਰ) ਕਿਤਨੇ ਹੀ ਪਾਪੀਆਂ ਨੂੰ ਪਵਿਤ੍ਰ ਕੀਤਾ ਤੇ (ਭਵਜਲ ਤੋਂ) ਤਾਰਿਆ ਹੈ। ਇਹੋ ਜਿਹਾ ਨੀਵੀਂ ਜਾਤ ਵਾਲਾ ਨੀਚ ਨਾਮ ਦੇਵ ਤੇਰੀ ਸ਼ਰਨ ਵਿਚ ਆਇਆ ਹੈ (ਮੈਨੂੰ ਵੀ ਤਾਰ ਲੈ)।੨।੨।

ਪਦਾਰਥ = ਮਾਧਉ–ਹੇ ਮਾਇਆ ਪਤੀ ਪ੍ਰਭੂ !। ਧਨੁ–ਧੰਨ ਹੈਂ। ਕੇਸੌ–ਹੇ ਲੰਬੇ ਕੇਸਾਂ ਵਾਲੇ ਪ੍ਰਭੂ !। ਸਾਂਵਲੀਓ ਬੀਠਲਾਇ–ਹੇ ਸਾਂਵਲੇ ਰੰਗ ਵਾਲੇ ਬੀਠਲ (ਪ੍ਰਭੂ) !।੧।ਰਹਾਉ। ਕਰ–ਹੱਥਾਂ ਵਿਚ। ਧਰੇ–ਧਰ ਕੇ; ਲੈ ਕੇ। ਚਕ੍ਰ–ਸੁਦਰਸ਼ਨ ਚੱਕ੍ਰ। ਤੇ–ਤੋਂ। ਗਜ ਹਸਤੀ–ਐਰਾਵਤ ਹਾਥੀ। ਉਧਾਰੀਅਲੇ–ਬਚਾਏ ਸਨ। ਦੁਹਸਾਸਨ–ਦੁਰਜੋਧਨ ਦਾ ਛੋਟਾ ਭਰਾ। ਅੰਬਰ ਲੇਤ–ਕੱਪੜੇ ਲੈਂਦਿਆਂ (ਲਾਹੁੰਦਿਆਂ)। ਉਬਾਰੀਅਲੇ–(ਇੱਜਤ) ਬਚਾ ਲਈ ਸੀ।੧। ਗੋਤਮ ਨਾਰਿ–ਗੋਤਮ ਰਿਸ਼ੀ ਦੀ ਇਸਤ੍ਰੀ। ਅਹਲਿਆ–ਗੋਤਮ ਰਿਸ਼ੀ ਦੀ ਇਸਤ੍ਰੀ ਦਾ ਨਾਮ ਹੈ। ਤਾਰੀ–ਭਵਜਲ ਤੋਂ ਤਾਰ ਦਿਤੀ। ਪਾਵਨ–ਪਵਿਤ੍ਰ ਕੀਤਾ। ਕੇਤਕ–ਕਿਤਨੇ ਹੀ ਜੀਵ। ਤਾਰੀਅਲੇ–ਤਾਰਿਆ ਹੈ। ਅਧਮੁ–ਨੀਚ। ਅਜਾਤਿ–ਨੀਵੀ ਜਾਤ ਵਾਲਾ। ਤਉ–ਤੇਰੀ। ਸਰਨਾਗਤਿ ਆਈਅਲੇ–ਸ਼ਰਨ ਵਿਚ ਆਇਆ ਹੈ।੨।੨।

ਸਭੈ ਘਟ ਰਾਮੁ ਬੋਲੈ, ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥੧॥ਰਹਾਉ॥ ਏਕਲ ਮਾਟੀ ਕੁੰਜਰ ਚੀਟੀ, ਭਾਜਨ ਹੈਂ ਬਹੁ ਨਾਨਾ ਰੇ ॥ ਅਸਥਾਵਰ ਜੰਗਮ ਕੀਟ ਪਤੰਗਮ, ਘਟਿ ਘਟਿ ਰਾਮੁ ਸਮਾਨਾ ਰੇ ॥੧॥ ਏਕਲ ਚਿੰਤਾ ਰਾਖੁ ਅਨੰਤਾ, ਅਉਰ ਤਜਹੁ ਸਭ ਆਸਾ ਰੇ ॥ ਪ੍ਰਣਵੈ ਨਾਮਾ ਭਏ ਨਿਹਕਾਮਾ, ਕੋ ਠਾਕੁਰੁ ਕੋ ਦਾਸਾ ਰੇ ॥੨॥੩॥ (ਹੇ ਭਾਈ !) ਸਾਰੇ ਜੀਵਾਂ ਦੇ ਸਰੀਰਾਂ ਵਿਚ ਰਾਮ ਬੋਲਦਾ ਹੈ, ਰਾਮ ਹੀ ਬੋਲਦਾ ਹੈ। ਹੇ ਭਾਈ ! ਰਾਮ ਦੀ ਤਾਕਤ ਤੋਂ ਬਿਨਾ ਹੋਰ ਕੌਣ ਬੋਲ ਸਕਦਾ ਹੈ ?।੧।ਰਹਾਉ। ਹੇ ਭਾਈ ! ਇਕੋ ਮਿੱਟੀ ਤੋਂ ਹਾਥੀ ਤੋਂ ਲੈ ਕੇ ਕੀੜੀ ਤਕ ਅਤੇ ਬਹੁਤ ਕਿਸਮਾਂ ਦੇ ਭਾਂਡੇ ਰੂਪ ਜੀਵ ਬਣੇ ਹੋਏ ਹਨ। ਹੇ ਭਾਈ ! ਇਕ ਥਾਂ ਟਿਕੇ ਰਹਿਣ ਵਾਲੇ ਬ੍ਰਿਛ ਪਰਬਤ ਆਦਿ ਸ਼ਰੇਣੀ ਦੀ ਸ੍ਰਿਸਟੀ, ਤੁਰਨ ਫਿਰਨ ਵਾਲੇ ਜੀਵ ਜੰਤ, ਕੀੜੇ ਤੇ ਪਤੰਗੇ ਆਦਿ ਸਭ ਜੀਵਾਂ ਦੇ ਦਿਲਾਂ ਵਿਚ ਪ੍ਰਮਾਤਮਾ ਸਮਾ ਰਿਹਾ ਹੈ।੧। ਹੇ ਭਾਈ ! ਇਕ ਅਨੰਤ ਪ੍ਰਭੂ ਦਾ ਧਿਆਨ ਰੱਖੋ, ਹੋਰ ਸਭ ਆਸਾਂ ਛਡ ਦਿਓ। ਨਾਮ ਦੇਵ ਜੀ ਆਖਦੇ ਹਨ ਕਿ ਹੇ ਭਾਈ ! ਮੈਂ ਨਿਸ਼ਕਾਮ ਹੋ ਗਿਆ ਹਾਂ, (ਹੁਣ) ਕੌਣ ਮਾਲਕ ਤੇ ਕੌਣ ਦਾਸ ਹੈ ? (ਮਾਲਕ ਤੇ ਮੈਂ ਦਾਸ ਨਾਮ

ਦੇਵ ਇਕ ਰੂਪ ਹੋ ਗਏ ਹਾਂ, ਸਾਡਾ ਆਪਸ ਵਿਚ ਵਖਰੇਵਾਂ ਦੂਰ ਹੋ ਗਿਆ ਹੈ)।੨।੩।

ਪਦਾਰਥ = ਸਭੈ ਘਟ–ਸਾਰੇ ਸਰੀਰਾਂ ਵਿਚ। ਰਾਮ–ਸਰਬ ਵਿਆਪਕ ਪ੍ਰਮਾਤਮਾ। ਰਾਮਾ–ਪ੍ਰਮਾਤਮਾ ਹੀ। ਕੋ–ਕੌਣ। ਰੇ–ਹੇ ਭਾਈ!।੧।ਰਹਾਉ। ਏਕਲ ਮਾਟੀ–ਇਕੋ ਮਿੱਟੀ ਤੋਂ। ਕੁੰਜਰ–ਹਾਥੀ। ਚੀਟੀ–ਕੀੜੀ। ਭਾਜਨ–ਭਾਂਡੇ। ਬਹੁ ਨਾਨਾ–ਬਹੁਤ ਕਿਸਮਾਂ ਦੇ। ਰੇ–ਹੇ ਭਾਈ!। ਅਸਥਾਵਰ–ਇਕ ਥਾਂ ਟਿਕੇ ਰਹਿਣ ਵਾਲੇ ਪਰਬਤ ਤੇ ਦਰੱਖਤ ਆਦਿ। ਜੰਗਮ–ਤੁਰਨ ਫਿਰਨ ਵਾਲੇ ਜੀਵ ਜੰਤ। ਕੀਟ–ਕੀੜੇ। ਪਤੰਗਮ–ਖੰਭਾਂ ਨਾਲ ਉਡਣ ਵਾਲੇ ਪੰਛੀ ਅਤੇ ਭਮੱਕੜ ਆਦਿ। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਸਮਾਨਾ–ਸਮਾ ਰਿਹਾ ਹੈ।੧। ਏਕਲ ਅਨੰਤਾ–ਇਕ ਬੇਅੰਤ ਪ੍ਰਭੂ ਦੀ। ਚਿੰਤਾ–ਧਿਆਨ। ਅਉਰ–ਹੋਰ। ਤਜਹੁ–ਛਡ ਦਿਓ। ਪ੍ਰਣਵੈ–ਨਿਮ੍ਰਤਾ ਸਹਿਤ ਆਖਦਾ ਹੈ। ਨਾਮਾ–ਨਾਮ ਦੇਵ। ਭਏ–ਹੋ ਗਿਆ ਹਾਂ। ਨਿਹਕਾਮਾ–ਨਿਸ਼ਕਾਮ (ਇੱਛਾ ਰਹਿਤ)। ਠਾਕੁਰੁ–ਮਾਲਕ।੨।੩।

ਰਾਗ ਮਾਲੀ ਗਉੜਾ ਸਮਾਪਤ

ਹੇ ਸਤਿਗੁਰੂ ਨਾਨਕ ਦੇਵ ਜੀ! ਅਰਦਾਸ ਹੈ ਕਿ ਇਸ ਰਾਗ ਦੇ ਅਰਥ ਲਿਖਦਿਆਂ ਹੋਈਆਂ ਭੁੱਲਾਂ ਦੀ ਮੁਆਫੀ ਬਖਸ਼ਣੀ ਜੀ। ਅੱਗੇ ਜੋ ਅਰਥ ਲਿਖਣੇ ਹਨ, ਆਪ ਜੀ ਨੇ ਅਪਣੇ ਸੇਵਕ ਉਪਰ ਕ੍ਰਿਪਾ ਕਰਕੇ ਬਲ ਅਤੇ ਬਿਬੇਕ ਬੁੱਧੀ ਬਖਸ਼ ਕੇ ਸਹੀ ਅਤੇ ਸ਼ੁੱਧ ਅਰਥ ਲਿਖਵਾ ਲੈਣੇ ਜੀ।

ਦਾਸਨਿ ਦਾਸ
ਹਰਜਿੰਦਰ ਸਿੰਘ ਗਿਆਨੀ